## CHECK LIST FOR CABINET MEMORANDUM

| S.NO | Question | Answer(YES/NO/NA) | Remarks |
|---|---|---|---|
| **A** | **FINANCE AND PLANNING DEPARTMENT (RULE 7)** | | |
| 1 | Does the proposal contained in the memorandum involve any financial implications? | NO | |
| 2 | If so, has it been referred to the Department of Finance? | NA | |
| 3 | Has the advice of the Department of Finance been reproduced verbatim in the Memorandum? | NA | |
| 4 | Does the proposal contained in the Memorandum involve any financial implications on the Plan side? | NO | |
| 5 | If so, has the advice of the department of Planning been obtained? | NA | |
| 6 | Has the advice of he Deptt of Planning been reproduced in the Memorandum? | NA | |
| **B** | **LEGISLATION(LR)(RULE 36)** | | |
| 1 | Does the proposal contained in the Memorandum involve initiation of any legislation? | NO | |
| 2 | If so, has the 4 point advice of the Department of Legal and Legislative Affairs been obtained? | NA | |
| 3 | Has the advice of the Department of Legal and Legislative Affairs been reproduced in the Memorandum? | NA | |
| **C** | **SERVICE RULES** | | |
| 1 | Does the proposal contained in the Memorandum involve framing/amendment of Departmental Service Rules?(Para3(1)-Department of Personnel instruction No. 6780-0SSII(2)-73, dated 5/11/1973 | NO | |
| 2 | DOP-If so, has the matter been referred to the Department of Personnel and | NA | |

| | | | |
|---|---|---|---|
| | Administrative Reforms? | | |
| 3 | Has the advice of the Department of Personnel and Administrative Reforms been reproduced in the Memorandum? | NA | |
| 4 | FD-Has the matter been referred to the Department of Finance? | NA | |
| 5 | Has the advice of Finance Department been reproduced in the Memorandum? | NA | |
| 6 | PPSC-Has the matter been referred to the Punjab Public Service Commission? | NA | |
| 7 | Has the advice of the Punjab Public Service Commission been reproduced in the Memorandum? | NA | |
| 8 | LR-Has the draft of service rules been vetted by the Department of Legal and Legislative Affairs?(Para3(3)0f 1973 instructions) | NA | |
| **D** | **OTHER DEPARTMENTS** | | |
| 1 | Does the proposal contained in the Memorandum concern any other Department?(Rule 15 & 22) | NO | |
| 2 | If so, name of the department concerned. | NA | |
| 3 | Have the views of the Departments mentioned in para 2 above been reproduced in the Memorandum? | NA | |
| **E** | **MEMORANDUM-FORMAT** | | |
| 1 | Have the paragraphs of the Memorandum been numbered? | YES | |
| 2 | Have copies of the Memorandum been numbered and marked as "SECRET"? | YES | |
| 3 | Has the proposal contained in the Memorandum been summed up in Para 2 of the Memorandum? | YES | |

| | | | |
|---|---|---|---|
| 4 | Has the approval of the Chief Minister been obtained for placing the Memorandum before the Council of Ministers? | YES | |
| F | **SUBMISSION OF MEMORANDUM** | | |
| 1 | Whether required 35 copies (in Punjabi) have been supplied. | YES | |
| 2 | Is the quality of the print of the copies of the Memorandum satisfactory? | YES | |
| 3 | Is the Memorandum being submitted to the Cabinet Affairs Branch at least one week before the proposed CMM meeting? | YES | |
| 4 | If not, what is the urgency for placing the matter before the CMM? | - | |
| 5 | Has the permission of the Chief Minister been obtained for circulating the Memorandum during the Cabinet meeting? (Rule16(3)) | YES | |

Chandigarh:
Dated: 28.10.2016

( S.R LADHAR)
PRINCIPAL SECRETARY
GOVERNMENT OF PUNJAB
DEPARTMENT OF PLANNING.
Phone No. 2740771

For use by Cabinet Affairs Branch.

Checked by-

Under Secretary Special Secretary/Secretary

ਆਈਟਮ ਨੰਬਰ ............ ਮੰਤਰੀ ਪ੍ਰੀਸ਼ਦ ਦੀ ਮੀਟਿੰਗ ਲਈ ਏਜੰਡਾ ਆਈਟਮ ਨੰਬਰ ———

(ਸਲਾਨਾ) ਮੰਤਰੀ ਪ੍ਰੀਸ਼ਦ ਦੀ ਮੀਟਿੰਗ ਲਈ ਮਿਤੀ ———

**ਪੰਜਾਬ ਸਰਕਾਰ** ਗੁਪਤ ———

**ਯੋਜਨਾਬੰਦੀ ਵਿਭਾਗ (ਅਰਥ ਅਤੇ ਅੰਕੜਾ ਸੰਗਠਨ)** ਕਾਪੀ ਨੰ ———

**ਮੰਤਰੀ ਪ੍ਰੀਸ਼ਦ ਲਈ ਮੈਮੋਰੰਡਮ**

ਮੰਤਰੀ ਇਨਚਾਰਜ ਵਿੱਤ ਤੇ ਯੋਜਨਾਬੰਦੀ ਮੰਤਰੀ, ਪੰਜਾਬ ।

ਸਕੱਤਰ ਇਨਚਾਰਜ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਯੋਜਨਾਬੰਦੀ ਵਿਭਾਗ ।

ਵਿਸ਼ਾ:- **ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੀ ਸਲਾਨਾ ਪ੍ਰਸ਼ਾਸ਼ਕੀ ਰਿਪੋਰਟ 2014-15**

1. **ਤੱਥ:** :

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਨੇ ਰਾਜ, ਜ਼ਿਲ੍ਹਾ, ਤਹਿਸੀਲ ਅਤੇ ਬਲਾਕ ਪੱਧਰ ਤੇ ਸਮਾਜਿਕ ਅਤੇ ਆਰਥਿਕ ਅੰਕੜਿਆਂ ਨੂੰ ਇਕੱਤਰ ਕਰਕੇ ਸੰਕਲਨ, ਵਿਸ਼ਲੇਸ਼ਨ ਰਾਹੀਂ ਅੰਕੜਿਆਂ ਦੇ ਆਧਾਰ ਨੂੰ ਮਜ਼ਬੂਤ ਕਰਨ ਦਾ ਕੰਮ ਜ਼ਾਰੀ ਰੱਖਿਆ। ਇਹ ਅੰਕੜੇ ਨਾਂ ਕੇਵਲ ਵਿਕਾਸ ਯੋਜਨਾਵਾਂ ਬਨਾਉਣ ਲਈ ਬਲਕਿ ਇਨ੍ਹਾਂ ਯੋਜਨਾਵਾਂ ਦੇ ਰਾਜ ਦੀ ਆਰਥਿਕਤਾ ਤੇ ਪਏ ਪ੍ਰਭਾਵ ਦਾ ਅਨੁਮਾਨ ਲਗਾਉਣ ਲਈ ਵੀ ਵਰਤੇ ਗਏ ਹਨ । ਇਹ ਸੰਸਥਾ ਜ਼ਿਲ੍ਹਾ ਯੋਜਨਾ ਕਮੇਟੀਆਂ ਨੂੰ ਵਿਕਾਸ ਸਕੀਮਾਂ ਤਿਆਰ ਕਰਨ ਅਤੇ ਆਰਥਿਕਤਾ ਦੇ ਵੱਖ ਵੱਖ ਖੇਤਰਾਂ ਵਿਚ ਵਿਕਾਸ ਦੇ ਪੱਧਰ ਦੇ ਅਧਿਐਨ ਲਈ ਮਹੱਤਵਪੂਰਨ ਯੋਗਦਾਨ ਪਾ ਰਹੀ ਹੈ। ਇਸ ਸੰਸਥਾ ਵਲੋਂ ਬੱਜਟ ਦਸਤਾਵੇਜ 'ਰਾਜ ਅੰਕੜਾ ਸਾਰ' ਅਤੇ 'ਆਰਥਿਕ ਸਰਵੇਖਣ ਪੰਜਾਬ' ਤਿਆਰ ਕੀਤੇ ਜਾਂਦੇ ਹਨ, ਜੋ ਪੰਜਾਬ ਵਿਧਾਨ ਸਭਾ ਦੇ ਬੱਜਟ ਸੈਸ਼ਨ ਵਿੱਚ ਪੇਸ਼ ਕੀਤੇ ਜਾਂਦੇ ਹਨ । ਇਸ ਸੰਸਥਾ ਵੱਲੋ ਰਾਜ ਘਰੇਲੂ ਉਤਪਾਦਨ ਅਤੇ ਪ੍ਰਤੀ ਜੀਅ ਆਮਦਨ ਦੇ ਤਿਆਰ ਕੀਤੇ ਜਾਂਦੇ ਅਨੁਮਾਨ ਰਾਜ ਦੀ ਆਰਥਿਕਤਾ ਦਾ ਸਹੀ ਮੁਲਾਂਕਣ ਕਰਨ ਲਈ ਵੱਡਾ ਮਾਪਦੰਡ ਹਨ ਜਿਸ ਦੇ ਅਧਾਰ ਤੇ ਬਾਕੀ ਵਿੱਤੀ ਇੰਡੀਕੇਟਰ ਵੀ ਤਿਆਰ ਕੀਤੇ ਜਾਂਦੇ ਹਨ। ਇਹ ਸੰਸਥਾ ਐਮ.ਪੀ.ਲੈਡ ਸਕੀਮ ਲਈ ਨੋਡਲ ਵਿਭਾਗ ਹੈ ਅਤੇ ਇਸ ਦੀ ਦੇਖ ਰੇਖ ਅਧੀਨ ਪੰਜਾਬ ਸਰਵ ਭਾਰਤ ਵਿਚ ਮੋਢੀ ਸਟੇਟ ਹੈ। ਇਸ ਸੰਸਥਾ ਦੇ ਕੰਮ ਦੇ ਹੋਰ ਮਹੱਤਵਪੂਰਨ ਖੇਤਰ, ਪੂੰਜੀ ਨਿਰਮਾਣ ਦੇ ਅਨੁਮਾਨ ਤਿਆਰ ਕਰਨਾ, ਲੋਕ ਵਿੱਤ, ਕੀਮਤਾਂ ਅਤੇ ਉਦਯੋਗਿਕ ਉਤਪਾਦਨ ਦੇ ਸੂਚਕ ਅੰਕ, ਰਾਸ਼ਟਰੀ ਨਮੂਨਾ ਸਰਵੇਖਣ, ਲੇਖਾ ਖੇਤੀਬਾੜੀ, ਪੰਜਾਬ ਦੇ ਸਰਕਾਰੀ ਅਤੇ ਅਰਧ–ਸਰਕਾਰੀ ਕਰਮਚਾਰੀਆਂ ਦੀ ਗਣਨਾਂ ਦੇ ਰਿਜਲਟ ਅਤੇ 20-ਨੁਕਾਤੀ ਪ੍ਰੋਗਰਾਮ ਹਨ।

2. **ਤਜ਼ਵੀਜ਼** :

**ਨਾਲ ਨੱਥੀ ਅਨੁਲੱਗ 'ੳ' ਅਨੁਸਾਰ ਸਲਾਨਾ ਪ੍ਰਸ਼ਾਸ਼ਕੀ ਰਿਪੋਰਟ 2014-15 ਜੋ ਕਿ ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੀ ਵੱਖ ਵੱਖ ਸ਼ਾਖਾਵਾਂ ਵਲੋਂ ਕੀਤੇ ਵਿਸਥਾਰਪੂਰਵਕ ਕੰਮ ਦਾ ਵੇਰਵਾ ਦਰਸਾਉਂਦੀ ਹੈ, ਨੂੰ ਪ੍ਰਵਾਨ ਕਰਨ ਬਾਰੇ, ਮੰਤਰੀ ਪ੍ਰੀਸ਼ਦ ਨੂੰ ਬੇਨਤੀ ਕੀਤੀ ਜਾਂਦੀ ਹੈ ।**

3. ਤਜ਼ਵੀਜ਼ ਲਾਗੂ ਕਰਨ ਸਬੰਧੀ ਅੰਤਕਾ 'ਏ' ਨੱਥੀ ਹੈ ।

4. ਪੈਰਾ-2 ਤੇ ਦਿੱਤੀ ਤਜ਼ਵੀਜ਼ ਅਨੁਸਾਰ ਮੰਤਰੀ ਪ੍ਰੀਸ਼ਦ ਦੀ ਪ੍ਰਵਾਨਗੀ ਦੇਣ ਲਈ ਬੇਨਤੀ ਕੀਤੀ ਜਾਂਦੀ ਹੈ ।

5. ਮੈਮੋਰੰਡਮ ਵਿੱਚ ਦਰਸਾਇਆ ਪ੍ਰਸਤਾਵ ਵਿੱਤ ਮੰਤਰੀ ਜੀ ਨੇ ਬਤੌਰ ਯੋਜਨਾਬੰਦੀ ਵਿਭਾਗ ਦੇ ਇਨਚਾਰਜ ਮੰਤਰੀ ਵਜੋਂ ਦੇਖ ਲਿਆ ਹੈ ਅਤੇ ਉਨਾਂ ਵਲੋਂ ਪ੍ਰਵਾਨ ਕਰ ਲਿਆ ਗਿਆ ਹੈ ।

6. ਮਾਨਯੋਗ ਮੁੱਖ ਮੰਤਰੀ ਜੀ ਨੇ ਮੰਤਰੀ ਪ੍ਰੀਸ਼ਦ ਅੱਗੇ ਮੈਮੋਰੰਡਮ ਪੇਸ਼ ਕਰਨ ਲਈ ਆਗਿਆ ਦੇ ਦਿੱਤੀ ਹੈ ।

(ਐਸ.ਆਰ.ਲੱਧੜ)
ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ ।

ਚੰਡੀਗੜ੍ਹ
ਮਿਤੀ 28.10.2016

Appendix " A "

# STATEMENT OF IMPLEMENTATION SCHEDULE.

**Subject:-** **Annual Administrative Report Economic & Statistical Organization Punjab -2014-15.**

| Gist of decision required | Project benefits / results | Time- frame and manner of implementation/ reporting to Cabinet Secretariat |
|---|---|---|
| To obtain approval regarding Annual Administrative Report for the year 2014-15 of Economic & Statistical Organization Punjab | Working of the Department. | The Decision will be implemented within a month. |

Chandigarh:
Dated: 28·10·2016

( S.R. LADHAR)
PRINCIPAL SECRETARY
GOVERNMENT OF PUNJAB
DEPARTMENT OF PLANNING..
Phone No. 2740771

# ਪ੍ਰੈਸ ਨੋਟ

ਅਰਥ ਅਤੇ ਅੰਕੜਾ ਸੰਗਠਨ, ਪੰਜਾਬ, ਰਾਜ ਵਿੱਚ ਸਾਰੀਆਂ ਅੰਕੜਾਤਮਕ ਗਤੀਵਿਧੀਆਂ ਲਈ ਨੋਡਲ ਵਿਭਾਗ ਹੈ। ਇਹ ਰਾਜ ਵਿੱਚ ਡੈਟਾ ਬੈਂਕ ਦੇ ਤੌਰ ਤੇ ਕੰਮ ਕਰਦਾ ਹੈ, ਜਿਹੜਾ ਕਿ ਵੱਡੇ ਅਤੇ ਛੋਟੇ ਦੋਨਾਂ ਪੈਮਾਨਿਆਂ (ਮੈਕਰੋ ਅਤੇ ਮਾਈਕਰੋ) ਤੇ ਡੈਟਾ ਇੱਕਤਰ ਕਰਦਾ ਹੈ। ਇਹ ਸੰਗਠਨ ਐਮ.ਪੀ. ਲੈਡ ਸਕੀਮ, 20-ਨੁਕਾਤੀ ਪ੍ਰੋਗਰਾਮ ਅਤੇ ਜਿਲ੍ਹਾ ਪੱਧਰ ਦੀ ਯੋਜਨਾ ਨੂੰ ਲਾਗੂ ਕਰਨ ਲਈ ਵੀ ਨੋਡਲ ਵਿਭਾਗ ਦੇ ਤੌਰ ਤੇ ਕੰਮ ਕਰਦਾ ਹੈ। ਜਿਲ੍ਹਾ ਯੋਜਨਾ ਕਮੇਟੀ ਵਿੱਚ ਉਪ ਅਰਥ ਅਤੇ ਅੰਕੜਾ ਸਲਾਹਕਾਰ ਨੂੰ ਸੰਯੁਕਤ ਸਕੱਤਰ ਦਾ ਰੁਤਬਾ ਦਿੱਤਾ ਹੋਇਆ ਹੈ ।

ਵਿਭਾਗ ਨੇ ਆਪਣੀ ਸਲਾਨਾ ਪ੍ਰਸ਼ਾਸਕੀ ਰਿਪੋਰਟ ਸਾਲ 2014-15 ਤਿਆਰ ਕੀਤੀ ਹੈ, ਜੋ ਕਿ ਸਾਲ ਦੌਰਾਨ ਕੀਤੀਆਂ ਮੁੱਖ ਗਤੀਵਿਧੀਆਂ ਅਤੇ ਕੰਮਾਂ ਨੂੰ ਦਰਸਾਉਂਦੀ ਹੈ ।

**ਸਾਲ 2014-15 ਦੌਰਾਨ ਹੇਠ ਲਿਖੀਆਂ ਪਬਲੀਕੇਸ਼ਨਾਂ /ਰਿਪੋਰਟਾਂ ਤਿਆਰ ਕੀਤੀਆਂ ਗਈਆਂ :-**

1. ਪੰਜਾਬ ਦਾ ਅੰਕੜਾ ਸਾਰ - 2013
2. ਪੰਜਾਬ ਦਾ ਅੰਕੜਾ ਸਾਰ -2014
3. ਪੰਜਾਬ ਦਾ ਆਰਥਿਕ ਸਰਵੇਖਣ ਸਾਲ 2013
4. ਪੰਜਾਬ ਦਾ ਆਰਥਿਕ ਸਰਵੇਖਣ ਸਾਲ 2014
5. ਪੰਜਾਬ ਐਟ ਏ ਗਲਾਂਸ (ਜ਼ਿਲ੍ਹਾਵਾਰ) ਸਾਲ -2013
6. ਪਿੰਡਾਂ ਦੀ ਡਾਇਰੈਕਟਰੀ ਸਾਲ 2012-13
7. ਬਲਾਕ ਐਟ ਏ ਗਲਾਂਸ ਸਾਲ 2012-13
8. ਕ੍ਰਿਟੀਕਲ ਇਕਨਾਮਿਕ ਇੰਡੀਕੇਟਰਜ਼ ਪੰਜਾਬ ਬਨਾਮ ਭਾਰਤ 2011-12
9. ਪੰਜਾਬ ਨਗਰਪਾਲਿਕਾ ਬੱਜਟ ਦੀ ਆਰਥਿਕ ਅਤੇ ਕ੍ਰਿਆਤਮਿਕ ਸ਼੍ਰੇਣੀ ਵੰਡ 2012-13
10. ਰਾਜ ਵਿੱਤ: ਤੁਲਨਾਤਮਕ ਰੂਪ ਵਿੱਚ ਸਾਲ 2012-13
11. ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ਼੍ਰੇਣੀ ਵੰਡ ਸਾਲ 2013-14
12. ਨਗਰ ਪਾਲਿਕਾ ਅੰਕੜਾ ਪੁਸਤਕ ਸਾਲ 2011-12
13. ਪੰਜਾਬ ਦੇ ਘਰੇਲੂ ਰਾਜ ਉਤਪਾਦਨ ਬੈਕ ਸੀਰੀਜ 1999-2000 ਤੋਂ (2004-05 ਕੀਮਤਾਂ ਤੇ)
14. ਘਰੇਲੂ ਰਾਜ ਉਤਪਾਦਨ ਦੇ ਡਿਸਐਗਰੀਗੇਟ ਦੀ ਰਿਪੋਰਟ ( 2004-05 ਤੋਂ 2011-12)

**ਵਿਭਾਗ ਵਲੋਂ ਸਾਲ ਦੌਰਾਨ ਕੀਤੇ ਹੋਰ ਕੰਮ :-**

ਰਾਜ ਘਰੇਲੂ ਉਤ੍ਪਾਦਨ ਅਤੇ ਪੂੰਜੀ ਨਿਰਮਾਣ ਦੇ ਅਨੁਮਾਨ ਸਾਲ 2012-13,ਤੁਰੰਤ ਅਤੇ ਐਡਵਾਂਸ ਅਨੁਮਾਨ ਕ੍ਰਮਵਾਰ ਸਾਲ 2013-14 ਅਤੇ 2014-15 ਤਿਆਰ ਕੀਤੇ । ਇਸ ਸਾਲ ਦੌਰਾਨ ਰਾਸ਼ਟਰੀ ਨਮੂਨਾ ਸਰਵੇਖਣ ਦੇ 71ਵੇਂ ਦੌਰ ਦਾ ਦੂਜੇ ਸਬ ਦੌਰ ਅਤੇ 72ਵੇਂ ਦੌਰ ਦੇ ਪਹਿਲੇ ਅਤੇ ਦੂਜੇ ਸਬ ਦੋਰ ਦਾ ਖੇਤਰੀ ਕੰਮ ਕੀਤਾ ਅਤੇ ਕੁੱਲ 310 ਸੈਂਪਲਾ ਦਾ ਸਰਵੇਖਣ ਕੀਤਾ ਗਿਆ। ਪੰਜਾਬ ਵਿੱਚ ਕਾਮੇ ਵਰਗਾਂ ਲਈ ਮਾਸਿਕ ਉਪਭੋਗਤਾ ਭਾਅ ਸੂਚਕ ਅੰਕ ਮਹੀਨਾ ਮਾਰਚ-2014 ਤੋਂ ਫਰਵਰੀ-2015 ਤਿਆਰ ਕਰਕੇ ਵੱਖ-ਵੱਖ ਵਿਭਾਗਾਂ ਅਤੇ ਸਬੰਧਤ ਉਦਯੋਗਿਕ ਇਕਾਈਆਂ ਨੂੰ ਭੇਜੇ ਗਏ । ਇਹ ਸੂਚਕ ਅੰਕ ਫੈਕਟਰੀ ਕਾਮਿਆਂ ਨੂੰ ਵੱਧ ਰਹੀਆਂ ਕੀਮਤਾਂ ਤੋਂ ਰਾਹਤ ਦੇਣ ਲਈ ਵਰਤਿਆ ਗਿਆ ।ਪੰਜਾਬ ਦਾ ਸਲਾਨਾ ਉਦਯੋਗਿਕ ਉਤਪਾਦਨ ਸੂਚਕ ਅੰਕ ਸਾਲ 2013-14 ਤਿਆਰ ਕੀਤਾ । ਸਾਲ 2012-13 ਦੀਆਂ ਪਿੰਡਾਂ ਦੀਆਂ ਡਾਇਰੈਕਟਰੀਆਂ,ਜਿਨ੍ਹਾਂ ਵਿੱਚ ਪਿੰਡ ਪੱਧਰ ਦਾ ਡੈਟਾ ਹੁੰਦਾ ਹੈ, ਤਿਆਰ ਕੀਤੀਆਂ। 6ਵੀਂ ਆਰਥਿਕ ਗਣਨਾ ਜੋ ਕਿ 100 ਪ੍ਰਤੀਸ਼ਤ ਕੇਂਦਰ ਸਰਕਾਰ ਵਲੋਂ ਸਪਾਂਸਰਡ ਸਕੀਮ ਹੈ,ਦਾ ਕੰਮ ਕੀਤਾ ਗਿਆ। ਐਮ.ਪੀ.ਲੈਡ ਸਕੀਮ ਦੀ ਪ੍ਰਗਤੀ ਨੂੰ ਵਧਾਉਣ ਲਈ ਵੱਖ-ਵੱਖ ਰੀਵਿਊ ਮੀਟਿੰਗਾਂ ਕੀਤੀਆਂ ਗਈਆਂ ਅਤੇ 96.37 ਪ੍ਰਤੀਸ਼ਤ ਕੰਮ ਵੈਬ ਸਾਈਟ ਤੇ ਅਪਲੋਡ ਕੀਤਾ ਗਿਆ ।

ਰਾਜ ਦੇ ਅੰਕੜਾਤਮਕ ਢਾਂਚੇ ਨੂੰ ਮਜਬੂਤ ਕਰਨ ਲਈ ਭਾਰਤ ਸਰਕਾਰ ਦੋ ਮੁੱਖ ਪ੍ਰੋਜੈਕਟ ਲਾਗੂ ਕਰ ਰਹੀ ਹੈ।ਪਹਿਲਾ "ਇੰਡੀਆ ਸਟੈਟਿਸਟਿਕਲ ਸਟਰੈਥਨਿੰਗ ਪ੍ਰੋਜੈਕਟ " ਜਿਸ ਦੇ ਤਹਿਤ ਰਾਜ ਸਰਕਾਰ ਨੇ ਸਟੇਟ ਸਟਰੇਟੇਜਿਕ ਸਟੈਟਿਸਟੀਕਲ ਪਲਾਨ ਤਿਆਰ ਕਰਕੇ ਕੇਂਦਰ ਸਰਕਾਰ ਦੀ ਪ੍ਰਵਾਨਗੀ ਲਈ ਭੇਜਿਆ। ਦੂਸਰੇ ਪ੍ਰੋਜੈਕਟ ਹੇਠ 13ਵੇਂ ਵਿੱਤ ਕਮਿਸ਼ਨ ਨੇ ਰਾਜ ਅਤੇ ਜਿਲ੍ਹਾ ਪੱਧਰ ਤੇ ਅੰਕੜਾਤਮਿਕ ਢਾਂਚੇ ਦੇ ਸੁਧਾਰ ਲਈ 20 ਕਰੋੜ ਰੁਪਏ ਦੀ ਗਰਾਂਟ ਦਿੱਤੀ। ਇਸ ਵਿੱਚੋਂ ਕੁੱਲ 1468.15 ਲੱਖ ਰੁਪਏ ਦੀ ਰਾਸ਼ੀ ਮਿਤੀ 31-3-15 ਤੱਕ ਖਰਚ ਕੀਤੀ ਗਈ ਜਿਸ ਵਿੱਚੋਂ 940.19 ਲੱਖ ਰੁਪਏ ਦੀ ਰਾਸ਼ੀ ਸਾਲ 2014-15 ਦੌਰਾਨ ਖਰਚ ਕੀਤੀ ਗਈ ।ਦਿੱਤੇ ਗਏ ਮਾਈਲ ਸਟੋਨ ਅਧੀਨ ਨਿਰਧਾਰਿਤ ਭੌਤਿਕ ਪ੍ਰਗਤੀ ਪ੍ਰਾਪਤ ਕੀਤੀ ਗਈ।

(ਐਸ.ਆਰ.ਲੱਧੜ )
ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ।
ਯੋਜਨਾਬੰਦੀ ਵਿਭਾਗ ।

ਚੰਡੀਗੜ੍ਹ :
ਮਿਤੀ : 28.10.2016

# Press Note

The Economic & Statistical Organization Punjab is the Nodal department for all statistical activities of the state. It acts as a data bank of the state which collects Statistical data both at macro and micro levels. This organization also acts as a Nodal Department for MPLAD scheme, 20-point Programme and to implement the plans at district level. Deputy Economic and Statistical Advisers have been designated as the Joint Secretary of the District Planning Committee.

The Department has prepared the Annual Administrative Report 2014-15 which presents the major activities and work done during the year.

**Following Publications/Reports were prepared during the year 2014-15.**

1. Statistical Abstract of Punjab for the year 2013.
2. Statistical Abstract of Punjab for the year 2014.
3. Economic Survey of Punjab for the year 2013-14.
4. Economic Survey of Punjab for the year 2014-15.
5. Punjab at a Glance-district wise for the year 2012.
6. Village Directories for the year 2012-13.
7. Block at A Glance for the year 2012-13.
8. Critical Economic Indicators Punjab V/S India 2011-12.
9. Economic & Functional Classification of Municipal Budget Punjab for the year 2012-13.
10. State Finances: A comparison 2012-13.
11. Economic and Purpose classification of Punjab Govt. Budget for the year 2013-14.
12. Municipal Year Book 2011-12.
13. State Domestic Product of Punjab Back series (1999-2000 at 2004-05) Prices.
14. Report on disaggregated estimates of Punjab GSDP (2004-05 to 2011-12).

Other important activities preformed during the year by this organization are; release of estimates of State Domestic Product and Capital Formation for the year 2012-13 and Quick and Advance Estimates for the year 2013-14 and 2014-15. During this period field work regarding 2nd sub round of 71st round and 310 samples were done under first and second rounds of 72nd round of National Sample Survey . Monthly Consumer Price Index from March , 2014 to February 2015 for the working class was prepared and sent to the various departments and concerned industrial units. This Index is used to provide relief to factory workers for compensating the increase in prices. Annual Index of Industrial Production for Punjab was prepared for the year 2013-14. Village Directories containing village-wise micro data for 2012-13 were prepared. The work of 6th Economic Census which is a 100 % Centrally Sponsored Scheme remained under progress during this period . To expedite the progress of MPLAD scheme various review meetings were held and 96.37 % of works uploaded on Website.

Govt. of India (GOI) is implementing two major projects for Improvement of Statistical System in the State. First is "India Statistical Strengthening Project ( ISSP) " under which the State Govt. has submitted a State Strategic Statistical Plan to GOI for approval . Second is the 13th Finance Commission grant for Improvement of Statistical System at State and District level under which GOI has allocated Rs. 20.00 Cr for the period of 2010-15. Out of this amount of Rs. 1468.15 lakh were utilised up to 31.3.2015,out of which Rs. 940.19 lac was utilised during 2014-15. Physical progress under prescribed milestone were also achieved during the year.

Chandigarh:
Dated 28.10.2016

(S.R.LADHAR)
PRINCIPAL SECRETARY
GOVERNMENT OF PUNJAB
DEPARTMENT OF PLANNING.

# ਸਲਾਨਾ ਪ੍ਰਸ਼ਾਸਕੀ ਰਿਪੋਰਟ

## 2014-15

ਆਰਥਿਕ ਸਲਾਹਕਾਰ, ਪੰਜਾਬ ਸਰਕਾਰ,
ਐਸ.ਸੀ.ਓ. ਨੰ: 35-36 ਸੈਕਟਰ-17 ਈ, ਚੰਡੀਗੜ੍ਹ ।

# ਸਲਾਨਾ ਪ੍ਰਸ਼ਾਸਕੀ ਰਿਪੋਰਟ 2014-15

## ਅਰਥ ਅਤੇ ਅੰਕੜਾ ਸੰਗਠਨ, ਪੰਜਾਬ

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਡੈਟਾ ਬੈਂਕ ਵਜੋਂ ਕੰਮ ਕਰਦਾ ਹੈ ਅਤੇ ਰਾਜ ਅਤੇ ਕੇਂਦਰੀ ਸਰਕਾਰ, ਨੀਤੀਕਾਰਾਂ, ਖੋਜ ਸੰਸਥਾਵਾਂ ਅਤੇ ਖੋਜ ਤੇ ਵਿਕਾਸ ਵਿੱਚ ਲੱਗੇ ਮਾਹਿਰਾਂ ਤੇ ਵਿਦਵਾਨਾਂ ਦੀ ਅੰਕੜਾਤਮਿਕ ਜ਼ਰੂਰਤਾਂ ਨੂੰ ਪੂਰਾ ਕਰਦਾ ਹੈ। ਇਹ ਸੰਗਠਨ ਰਾਜ, ਜ਼ਿਲ੍ਹਾ, ਬਲਾਕ ਅਤੇ ਪਿੰਡ ਪੱਧਰ ਤੱਕ ਪ੍ਰਾਇਮਰੀ ਅਤੇ ਸੈਕੰਡਰੀ ਡੈਟਾ ਇਕੱਤਰ ਕਰਦਾ ਹੈ। ਇਸ ਤਰ੍ਹਾਂ ਇਕੱਠੇ ਕੀਤੇ ਡੈਟੇ ਨੂੰ ਸੰਗ੍ਰਹਿ, ਸੰਕਲਨ, ਅਤੇ ਵਿਸ਼ਲੇਸ਼ਨ ਕਰਨ ਤੋਂ ਬਾਅਦ ਵੱਖ ਵੱਖ ਪ੍ਰਕਾਸ਼ਨਾਂ ਦੇ ਰੂਪ ਵਿੱਚ ਛਪਵਾਇਆ ਜਾਂਦਾ ਹੈ। ਇਸ ਸਮੇਂ ਵਿਭਾਗ ਨੇ ਅਪਣੀ ਵੱਖਰੀ ਵੈਬਸਾਈਟ www.esopb.gov.in ਸ਼ੁਰੂ ਕੀਤੀ ਹੈ ਜਿਸ ਤੇ ਵਿਭਾਗ ਦੀਆਂ ਮਹਤਵਪੂਰਨ ਪਬਲੀਕੇਸ਼ਨਜ ਅਤੇ ਡੈਟਾ ਸੈਟਸ ਵਰਤੋਂਕਾਰਾਂ ਦੀ ਸਹੂਲੀਅਤ ਲਈ ਪੇਸ਼ ਕੀਤੇ ਗਏ ਹਨ। ਇਹ ਸੰਗਠਨ ਰਾਜ ਵਿੱਚ ਅੰਕੜਾਤਮਕ ਗਤੀਵਿਧੀਆਂ ਲਈ ਨੋਡਲ ਏਜੰਸੀ ਦਾ ਕੰਮ ਕਰਦਾ ਹੈ। ਇਸ ਲਈ ਇਹ ਅੰਕੜਾਤਮਿਕ ਗਤੀਵਿਧੀਆਂ ਦਾ ਤਾਲਮੇਲ ਰੱਖਦਾ ਹੈ ਅਤੇ ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ ਨਾਲ ਯੋਗ ਸੰਪਰਕ ਰੱਖਦਾ ਹੈ।

'ਰਾਜ ਅੰਕੜਾ ਸਾਰ' ਅਤੇ 'ਆਰਥਿਕ ਸਰਵੇਖਣ ਪੰਜਾਬ' ਇਸ ਸੰਗਠਨ ਦੇ ਦੋ ਮਹੱਤਵਪੂਰਨ ਪ੍ਰਕਾਸ਼ਨ ਹਨ, ਜਿਨ੍ਹਾਂ ਵਿੱਚ ਰਾਜ ਦੇ ਵੱਖ ਵੱਖ ਸਮਾਜਿਕ ਆਰਥਿਕ ਵਿਸ਼ਿਆਂ ਤੇ ਬਹੁਪੱਖੀ ਸੂਚਨਾਂ ਸ਼ਾਮਿਲ ਕੀਤੀ ਜਾਂਦੀ ਹੈ । ਇਹ ਦੋਵੇਂ ਪ੍ਰਕਾਸ਼ਨ ਬੱਜਟ ਦਸਤਾਵੇਜ਼ ਹਨ ਜੋ ਕਿ ਸਲਾਨਾ ਤਿਆਰ ਕੀਤੇ ਜਾਂਦੇ ਹਨ।

ਆਰਥਿਕ ਸਲਾਹਕਾਰ, ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੇ ਮੁਖੀ ਹਨ। ਜਿਨ੍ਹਾਂ ਦੀ ਸਹਾਇਤਾ ਡਾਇਰੈਕਟਰਾਂ, ਮੀਤ ਡਾਇਰੈਕਟਰਾਂ, ਉਪ ਅਰਥ ਅਤੇ ਅੰਕੜਾ ਸਲਾਹਕਾਰਾਂ, ਖੋਜ ਅਫਸਰਾਂ, ਸਹਾਇਕ ਖੋਜ ਅਫਸਰਾਂ ਵਲੋਂ ਕੀਤੀ ਜਾਂਦੀ ਹੈ।

ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਦੇ ਰਾਜ ਪੱਧਰ ਤੇ 14 ਰੈਗੂਲਰ ਸੈਕਸ਼ਨ ਹਨ, ਇਸ ਤੋਂ ਇਲਾਵਾ 4 ਹੋਰ ਸੈਕਸ਼ਨ, ਮੈਂਬਰ ਆਫ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ, 20 ਨੁਕਾਤੀ ਪ੍ਰੋਗਰਾਮ, ਆਰਥਿਕ ਗਣਨਾਂ ਅਤੇ ਆਈ.ਐਸ.ਐਸ.ਪੀ.ਮੁੱਖ ਦਫਤਰ ਵਿਖੇ ਕੰਮ ਕਰਦੇ ਹਨ। ਇਕ ਸੈਕਸ਼ਨ ਅਮਲਾ ਸ਼ਾਖਾ ਅਤੇ ਬਾਕੀ ਸੈਕਸ਼ਨ ਅੰਕੜਿਆਂ ਅਤੇ ਖੋਜ ਅਧਾਰਿਤ ਟੈਕਨੀਕਲ ਕੰਮ ਕਰਦੇ ਹਨ। ਅਮਲਾ ਸ਼ਾਖਾ ਸੁਪਰਡੰਟਾਂ, ਸੀਨੀਅਰ ਸਹਾਇਕਾਂ, ਕਲਰਕਾਂ ਅਤੇ ਟਾਈਪਿਸਟਾਂ ਰਾਹੀਂ ਮਨੁੱਖੀ ਸਰੋਤ ਦਾ ਪ੍ਰਬੰਧਕੀ ਕੰਮ ਕਰਦੀ ਹੈ। ਡਾਇਰੈਕਟਰ, ਮੀਤ ਡਾਇਰੈਕਟਰ ਅਤੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਵੱਖ ਵੱਖ ਆਰਥਿਕ ਅਤੇ ਅੰਕੜਾਤਮਿਕ ਵਿਸ਼ਿਆਂ ਤੇ ਦਿਨ ਪ੍ਰਤੀਦਿਨ ਜ਼ਰੂਰੀ ਅਗਵਾਈ ਦਿੰਦੇ ਹਨ। ਖੋਜ ਅਫਸਰ ਅਤੇ ਸਹਾਇਕ ਖੋਜ ਅਫਸਰ ਮੁੱਖ ਤੌਰ ਤੇ ਡੈਟੇ ਦੇ ਵਿਸ਼ਲੇਸ਼ਣ ਅਤੇ ਸੰਕਲਨ ਲਈ ਜ਼ਿੰਮੇਵਾਰ ਹਨ ਜਦੋਂ ਕਿ ਡੈਟਾ ਇਕੱਤਰ, ਸੰਗ੍ਰਹਿ ਕਰਨ ਦਾ ਕੰਮ ਅੰਕੜਾ ਸਹਾਇਕਾਂ ਅਤੇ ਇਨਵੈਸਟੀਗੇਟਰਾਂ ਰਾਹੀਂ ਕੀਤਾ ਜਾਂਦਾ ਹੈ।

ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਅੰਕੜਾ ਦਫ਼ਤਰ ਹੈ ਜਿਸ ਦੇ ਮੁਖੀ ਉਪ ਅਰਥ ਅਤੇ ਅੰਕੜਾ ਸਲਾਹਕਾਰ ਹਨ ਜੋ ਕਿ ਅੰਕੜੇ ਇਕੱਤਰ ਕਰਨ ਅਤੇ ਵਿਕਾਸ ਸਕੀਮਾ ਲਾਗੂ ਕਰਨ ਲਈ ਦੋਹਰਾ ਕੰਮ ਕਰਦੇ ਹਨ। ਵਿਕੇਂਦ੍ਰੀਕ੍ਰਿਤ ਯੋਜਨਾਬੰਦੀ ਦੇ ਆਰੰਭ ਹੋਣ ਕਾਰਨ ਉਪ ਅਰਥ ਅਤੇ ਅੰਕੜਾ ਸਲਾਹਕਾਰ ਜਿਲ੍ਹਾ ਯੋਜਨਾ ਬਣਾਉਣ ਅਤੇ ਮੁਲਅੰਕਣ ਕਰਨ ਵਿੱਚ ਪੂਰੀ ਤਰ੍ਹਾਂ ਸਾਮਲ ਹਨ। ਇਸ ਵਿਭਾਗ ਦੁਆਰਾ ਇਕ ਉੱਚ ਪੱਧਰ ਦੀ ਐਮ. ਪੀ ਲੈਡ ਸਕੀਮ ਲਾਗੂ ਕੀਤੀ ਜਾਂਦੀ ਹੈ, ਜਿਸ ਅਧੀਨ ਰਾਜ ਦੇ ਹਰ ਇੱਕ ਐਮ.ਪੀ.ਨੂੰ ਸਲਾਨਾ ਪੰਜ ਕਰੋੜ ਰੁਪੈ ਭਾਰਤ ਸਰਕਾਰ ਵਲੋਂ ਜਾਰੀ ਕੀਤੇ ਜਾਂਦੇ ਹਨ। 20 ਨੁਕਾਤੀ ਪ੍ਰੋਗਰਾਮ ਦਾ ਰੀਵਿਊ ਵੀ ਇਸ ਵਿਭਾਗ ਵਲੋਂ ਕੀਤਾ ਜਾਂਦਾ ਹੈ। ਅਜਿਹੀਆ ਸਕੀਮਾ ਤੇ ਕੰਮ ਮੌਜੂਦਾ ਮੰਜੂਰ ਵਿਭਾਗੀ ਸਟਾਫ ਵਲੋਂ ਹੀ ਲਾਗੂ ਕੀਤਾ ਜਾਂਦਾ ਹੈ ਅਤੇ ਇਸ ਲਈ ਕੋਈ ਵਾਧੂ ਸਟਾਫ ਉਪਲਬਧ ਨਹੀਂ ਹੈ। ਕੇਂਦਰ ਸਰਕਾਰ ਵਲੋਂ ਸਪੌਂਸਰ ਕੀਤੇ ਇੰਡੀਆ ਸਟੇਟਿਸਟੀਕਲ ਸਟਰੈਂਥਨਿੰਗ ਪ੍ਰੋਜੈਕਟ ਨੂੰ ਲਾਗੂ ਕਰਨ ਨਾਲ ਅੰਕੜਾਤਮਕ ਗਤੀਵਿਧੀਆ ਦੀ ਮਹੱਤਤਾ ਨੂੰ ਹੋਰ ਉੱਚਾ ਚੁੱਕਿਆ ਗਿਆ ਹੈ। ਇਸ ਸਕੀਮ ਅਧੀਨ ਸਟੇਟ ਸਟਰੈਟਜਿਕ ਸਟੈਟਿਸਟੀਕਲ ਪਲਾਨ ਤਿਆਰ ਕੀਤੀ ਗਈ ਜੋ ਪ੍ਰਵਾਨਗੀ ਦੀ ਪ੍ਰਕ੍ਰਿਆ ਅਧੀਨ ਹੈ। ਰਿਪੋਟ ਦੇ ਅੰਤ ਤੇ ਸਾਲ ਦੌਰਾਨ ਤਿਆਰ ਕੀਤੀਆਂ ਰਿਪੋਰਟਾਂ ਅਤੇ ਵਿਭਾਗ ਦੀ ਅਸਾਮੀਵਾਰ ਸਟਾਫ ਸਮੱਰਥਾ ਦੇ ਵੇਰਵੇ ਦਿੱਤੇ ਗਏ ਹਨ ।

ਵਿਭਾਗ ਦੇ ਸਾਰੇ ਸੈਕਸ਼ਨਾਂ/ਯੂਨਿਟਾਂ ਦੀਆਂ ਗਤੀਵਿਧੀਆਂ ਅਤੇ ਸਾਲ 2014-15 ਦੌਰਾਨ ਮੁਕੰਮਲ ਕੀਤੇ ਕੰਮਾਂ ਦਾ ਵੇਰਵਾ ਹੇਠ ਅਨੁਸਾਰ ਹੈ:-

## 1. ਰਾਜ ਆਮਦਨ

ਇਹ ਸੈਕਸ਼ਨ ਰਾਜ ਘਰੇਲੂ ਉਤਪਾਦਨ ਦੇ ਅਨੁਮਾਨ ਪ੍ਰਚਲਿਤ ਅਤੇ ਸਥਿਰ (2004-05) ਕੀਮਤਾਂ ਤੇ ਰਾਜ ਦੀ ਆਰਥਿਕਤਾ ਦੇ ਸਾਰੇ 15 ਸੈਕਟਰਾਂ ਲਈ ਇਕ ਵਿੱਤੀ ਸਾਲ ਲਈ ਦੋ ਸਾਲਾਂ ਦੇ ਵਕਫੇ ਨਾਲ ਜੀਅ ਪ੍ਰਤੀ ਆਮਦਨ ਦੇ ਅਨੁਮਾਨਾਂ ਸਹਿਤ ਲਗਾਤਾਰ ਤਿਆਰ ਕਰਦਾ ਹੈ। ਜ਼ਿਲ੍ਹਾਵਾਰ ਰਾਜ ਘਰੇਲੂ ਉਤਪਾਦਨ ਦੀਆਂ ਪ੍ਰਚੱਲਿਤ ਕੀਮਤਾਂ ਅਤੇ ਸਥਿਰ ਕੀਮਤਾਂ ਦੇ ਅਨੁਮਾਨ ਹਰ ਸਾਲ ਤਿਆਰ ਕੀਤੇ ਜਾਂਦੇ ਹਨ। ਰਾਜ ਘਰੇਲੂ ਉਤਪਾਦਨ ਦੇ ਖੇਤੀਬਾੜੀ, ਪਸ਼ੂਧੰਨ, ਜੰਗਲਾਤ ਅਤੇ ਮੱਛੀ ਪਾਲਣ ਖੇਤਰ ਲਈ ਉਤਪਾਦਨ ਟੀਚਿਆਂ ਤੇ ਬਾਕੀ ਦੇ ਸਾਰੇ ਸੈਕਟਰਾਂ ਲਈ ਪਿਛਲੀ ਪ੍ਰਵਿਰਤੀ ਦੇ ਆਧਾਰ ਤੇ ਤੁਰੰਤ ਅਨੁਮਾਨ ਇਕ ਸਾਲ ਦੇ ਵਕਫੇ ਨਾਲ ਤਿਆਰ ਕੀਤੇ ਜਾਂਦੇ ਹਨ। ਸੈਕਟਰਵਾਰ ਰਾਜ ਘਰੇਲੂ ਉਤਪਾਦਨ ਦੇ ਵੱਖ ਵੱਖ ਸਮੇਂ ਦੇ ਵਿਕਾਸ ਦਰ ਰਾਜ ਦੀ ਆਰਥਿਕਤਾ ਦੇ ਅਧਿਐਨ ਕਰਨ ਲਈ ਤਿਆਰ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਸ਼ਾਖਾ ਵਲੋਂ 13ਵੇਂ ਵਿੱਤ ਕਮਿਸ਼ਨ ਅਧੀਨ ਮਾਈਲਸਟੋਨ ਕੁਲੈਕਸ਼ਨ ਆਫ ਫਾਰਮ ਐਕਟੀਵਿਟੀਜ਼ ਡੈਟਾ ਸਬੰਧੀ ਮਹੱਤਵਪੂਰਨ ਸਰਵੇ ਜੋ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਲੁਧਿਆਣਾ ਵਲੋਂ ਕਰਵਾਇਆ ਜਾ ਰਿਹਾ ਹੈ, ਦਾ ਕੋਆਰਡੀਨੇਸ਼ਨ ਦਾ ਕੰਮ ਕੀਤਾ ਜਾ ਰਿਹਾ ਹੈ ।

<u>ਸਾਲ 2014-15 ਦੌਰਾਨ ਕੀਤਾ ਕੰਮ :-</u>

1. ਆਰਥਿਕਤਾ ਦੇ ਸਾਰੇ 15 ਸੈਕਟਰਾਂ ਦੇ ਰਾਜ ਆਮਦਨ ਅਨੁਮਾਨ ਨਵੇਂ ਅਧਾਰ ਸਾਲ 2004-05 ਤੇ 2012-13 ਦੇ ਤਿਆਰ ਕੀਤੇ ਗਏ। ਸਾਲ 2013-14 ਅਤੇ 2014-15 ਲਈ ਕੁੱਲ ਅਤੇ ਨਿਰੋਲ ਰਾਜ ਘਰੇਲੂ ਉਤਪਾਦਨ ਦੇ ਤੁਰੰਤ ਅਤੇ ਐਡਵਾਂਸ ਅਨੁਮਾਨ ਤਿਆਰ ਕੀਤੇ ਗਏ।
2. ਜ਼ਿਲ੍ਹਾਵਾਰ ਰਾਜ ਆਮਦਨ ਅਨੁਮਾਨ ਕੁੱਲ ਅਤੇ ਨਿਰੋਲ ਸਾਲ 2011-12 ਪ੍ਰਚੱਲਿਤ ਅਤੇ ਸਥਿਰ (2004-05) ਕੀਮਤਾਂ ਤੇ ਤਿਆਰ ਕੀਤੇ ਗਏ।
3. i) 13ਵੇਂ ਵਿੱਤ ਕਮਿਸ਼ਨ ਦੀ ਗਰਾਂਟ ਅਧੀਨ ਨਿਰਧਾਰਤ ਛੋਟੀਆਂ ਫਸਲਾਂ ਦੀ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ।
   ii) ਮੁੱਖ ਫਸਲਾਂ ਦੀ ਕਾਸਟ ਕਲਟੀਵੇਸਨ ਸਟੱਡੀ ਕਰਵਾਉਣ ਲਈ ਕੰਮ ਸ਼ੁਰੂ ਕੀਤਾ ਗਿਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨਾਲ ਮੈਮੋਰੰਡਮ (MOU) ਦਸਤਖਤ ਕੀਤਾ ਗਿਆ। ਕਾਸਟ ਆਫ ਕਲਟੀਵੇਸ਼ਨ ਸਟੱਡੀ ਦੀ ਨਿਗਰਾਨੀ ਕਰਨ ਲਈ ਇੱਕ ਮੌਨੀਟਰਿੰਗ ਕਮੇਟੀ ਬਣਾਈ ਗਈ। ਸ੍ਰੀ ਜੀ.ਐਸ.ਕਲਕੱਟ ਜੀ ਦੀ ਪ੍ਰਧਾਨਗੀ ਹੇਠ ਮਿਤੀ 26.11.2014 ਨੂੰ ਇੱਕ ਮੀਟਿੰਗ ਕਰਵਾਈ ਗਈ।
4. ਪੰਜਾਬ ਵਿਧਾਨ ਸਭਾ ਦੇ ਬੱਜਟ ਸੈਸ਼ਨ ਲਈ ਵਿੱਤ ਮੰਤਰੀ ਅਤੇ ਰਾਜਪਾਲ ਜੀ ਦੇ ਬੱਜਟ ਭਾਸ਼ਨ ਸਬੰਧੀ ਆਰਥਿਕਤਾ ਦੀ ਸਥਿਤੀ ਅਤੇ ਵਾਧੇ ਦੀ ਦਰ ਬਾਰੇ ਸੂਚਨਾਂ ਤਿਆਰ ਕੀਤੀ ਗਈ।
5. ਸਾਲ 2012-13 ਸਬੰਧੀ ਪਸ਼ੂਧੰਨ ਸਬੰਧੀ ਸੂਚਨਾਂ, ਮੱਛੀ ਪਾਲਣ ਅਤੇ ਜੰਗਲਾਤ ਖੇਤਰ ਦੇ ਉਤਪਾਦਨ ਅਤੇ ਕੀਮਤਾਂ, ਖੇਤੀਬਾੜੀ ਅਤੇ ਬਾਗਬਾਨੀ ਖੇਤਰ ਸਬੰਧੀ ਉਤਪਾਦਨ, ਕੀਮਤਾਂ ਅਤੇ ਰਕਬਾ ਸਬੰਧੀ ਸੂਚਨਾਂ, ਪੰਜਾਬ ਵਿਚ ਟਰੈਕਟਰਾਂ ਅਤੇ ਡੀਜ਼ਲ ਇੰਜਣਾਂ ਦੀ ਗਿਣਤੀ ਸਬੰਧੀ ਸੂਚਨਾ ਕੇਂਦਰੀ ਅੰਕੜਾ ਸੰਗਠਨ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਗਈ।
6. ਸੈਕਟਰਵਾਰ ਰਾਜ ਆਮਦਨ ਅਨੁਮਾਨ, ਵਾਧਾ ਦਰ ਅਤੇ ਪ੍ਰਤੀ ਵਿਅਕਤੀ ਆਮਦਨ ਸਬੰਧੀ ਸੂਚਨਾਂ ਪੰਜਾਬ ਰਾਜ ਅੰਕੜਾ ਸਾਰ-2014, ਆਰਥਿਕ ਸਰਵੇਖਣ 2014-15 ਅਤੇ ਸਲਾਨਾ ਯੋਜਨਾ 2015-16 ਲਈ ਤਿਆਰ ਕੀਤੀ।
7. ਹੇਠ ਲਿਖੇ ਅਨੁਸਾਰ ਦੋ ਵਰਕਸ਼ਾਪਾਂ ਵਿਚ ਭਾਗ ਲਿਆ ਗਿਆ:-
   i) ਕੇਂਦਰੀ ਅੰਕੜਾ ਸੰਗਠਨ, ਨਵੀਂ ਦਿੱਲੀ ਵਿਖੇ ਰਾਜ ਆਮਦਨ ਅਨੁਮਾਨਾਂ ਦਾ ਤੁਲਨਾਤਮਕ ਮਿਲਾਨ ਮਿਤੀ 15-04-2014 ਤੋਂ 17-04-2014 ਤੱਕ ਕੀਤਾ ਗਿਆ ।
   ii) ਸੀ.ਐਸ.ਓ. ਭਾਰਤ ਸਰਕਾਰ ਨਵੀਂ ਦਿੱਲੀ ਵਲੋਂ ਰਾਜ ਆਮਦਨ ਅਨੁਮਾਨਾਂ ਸਬੰਧੀ ਵਰਕਸ਼ਾਪ ਚੰਡੀਗੜ੍ਹ ਵਿਖੇ ਮਿਤੀ 25-08-2014 ਤੋਂ 29-08-2014 ਤੱਕ ।
8. ਵਿਤੱ ਵਿਭਾਗ, ਪੰਜਾਬ ਨੂੰ ਨਿਰਧਾਰਤ ਪ੍ਰੋਫਾਰਮੇ ਅਨੁਸਾਰ ਰਾਜ ਆਮਦਨ ਅਨੁਮਾਨ ਦਾ ਡੈਟਾ ਭੇਜਿਆ ਗਿਆ।

9. ਰਾਜ ਆਮਦਨ ਅਨੁਮਾਨਾ ਦੇ ਸਾਰੇ ਖੇਤਰਾਂ ਸਬੰਧੀ ਸਾਲ 2009-10, 2010-11 ਅਤੇ 2011-12 ਦਾ ਡਾਟਾ ਸੀ.ਐਸ.ਓ. ਨਵੀਂ ਦਿੱਲੀ ਦੀ ਵੈਬਸਾਈਟ ਤੇ ਮਿਤੀ ਅੰਤ (updated) ਕੀਤਾ ਗਿਆ।

## 2. ਪੂੰਜੀ ਨਿਰਮਾਣ

ਇਹ ਸ਼ਾਖਾ ਪੰਜਾਬ ਦੀ ਆਰਥਿਕਤਾ ਦੇ ਸਾਰੇ 13 ਸੈਕਟਰਾਂ ਲਈ ਚਾਲੂ ਅਤੇ ਸਥਿਰ 2004-05 ਕੀਮਤਾਂ ਤੇ ਪੂੰਜੀ ਨਿਰਮਾਣ ਦੇ ਅਨੁਮਾਨ ਸਰਕਾਰੀ ਅਤੇ ਪ੍ਰਾਈਵੇਟ ਖੇਤਰਾਂ ਲਈ ਤਿਆਰ ਕਰਦਾ ਹੈ। ਇਹ ਅਨੁਮਾਨ ਰਾਜ ਪੱਧਰ ਤੇ ਸੈਕਟਰਵਾਰ, ਖੇਤਰਵਾਰ ਅਤੇ ਸੰਸਥਾਵਾਰ ਕੰਪਾਇਲ ਕੀਤੇ ਜਾਂਦੇ ਹਨ।

<u>ਸਾਲ 2014-15 ਦੌਰਾਨ ਕੀਤਾ ਕੰਮ :-</u>

1. ਚਾਲੂ ਅਤੇ ਸਥਿਰ ਕੀਮਤਾਂ ਤੇ ਨਵੇਂ ਅਧਾਰ ਸਾਲ 2004-05 ਅਨੁਸਾਰ 2004-05 ਤੋਂ 2012-13 ਤੱਕ ਪੂੰਜੀ ਨਿਰਮਾਣ ਅਨੁਮਾਨ ਤਿਆਰ ਕੀਤੇ ਗਏ।
2. ਰਾਜ ਅੰਕੜਾ ਸਾਰ 2014 ਲਈ ਪੂੰਜੀ ਨਿਰਮਾਣ ਅਨੁਮਾਨਾਂ ਸਬੰਧੀ ਸੂਚਨਾ ਤਿਆਰ ਕੀਤੀ ਗਈ।
3. ਸਾਲ 2011-12 ਦੇ ਕ੍ਰਿਟੀਕਲ ਇੰਡੀਕੇਟਰ ਦੀ ਸੂਚਨਾਂ ਤਿਆਰ ਕਰਕੇ ਫੀਲਡ ਉਪਰੇਸ਼ਨ ਸ਼ਾਖਾ ਨੂੰ ਭੇਜੀ ਗਈ।

## 3. ਲੋਕ ਵਿੱਤ

ਇਹ ਸੈਕਸ਼ਨ ਰਾਜ ਸਰਕਾਰ ਦੇ ਬੱਜਟ ਅਤੇ ਮਿਉਂਸਪਲ ਨਿਗਮਾਂ/ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਬੱਜਟਾਂ ਦਾ ਆਰਥਿਕ ਵਿਸ਼ਲੇਸ਼ਨ ਕਰਦਾ ਹੈ। ਲੋਕ ਵਿੱਤ ਸਬੰਧੀ ਆਰਥਿਕ ਡੈਟਾ ਇਸ ਸੈਕਸ਼ਨ ਵਲੋਂ ਤਿਆਰ ਕੀਤਾ ਜਾਂਦਾ ਹੈ ਅਤੇ ਵੱਖ ਵੱਖ ਮੰਤਵਾਂ ਲਈ ਸਪਲਾਈ ਕੀਤਾ ਜਾਂਦਾ ਹੈ।

<u>ਸਾਲ 2014-15 ਦੌਰਾਨ ਕੀਤਾ ਕੰਮ :-</u>

1. ਪ੍ਰਕਾਸ਼ਨ ਨਗਰ ਨਿਗਮਾਂ/ਕਮੇਟੀਆਂ ਦੇ ਬੱਜਟ ਦੀ ਆਰਥਿਕ ਅਤੇ ਕ੍ਰਿਆਤਮਿਕ ਸ੍ਰੇਣੀ ਵੰਡ ਜੋ ਕਿ ਨਗਰ ਨਿਗਮਾਂ ਦੇ ਬੱਜਟ ਸਬੰਧੀ ਲੈਣ ਦੇਣ ਦੇ ਪ੍ਰਭਾਵ ਦਾ ਅਧਿਐਨ ਕਰਨ ਵਾਸਤੇ ਲਾਭਦਾਇਕ ਹੈ, ਸਾਲ 2012-13 ਦੀ ਤਿਆਰ ਕੀਤੀ ਗਈ ਅਤੇ ਪ੍ਰਵਾਨ ਕਰਵਾਈ ਗਈ ।
2. "ਰਾਜ ਵਿੱਤ : ਤੁਲਨਾਤਮਕ ਰੂਪ ਵਿੱਚ" ਸਾਲ 2012-13 ਦੀ ਤਿਆਰ ਕੀਤੀ ਅਤੇ ਪ੍ਰਵਾਨ ਕਰਵਾਈ ਗਈ।
3. ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ੍ਰੇਣੀ ਵੰਡ ਸਾਲ 2013-14 ਤਿਆਰ ਕਰਕੇ ਪ੍ਰਵਾਨ ਕਰਵਾਈ ਗਈ।
4. ਪੰਜਾਬ ਅਤੇ ਭਾਰਤ ਲਈ ਸਾਲ 2007-08 ਤੋਂ 2012-13 ਦੇ ਇਕਨਾਮਿਕ ਇੰਡੀਕੇਟਰਜ਼ ਤਿਆਰ ਕੀਤੇ ਗਏ।
5. ਰਾਜ ਆਮਦਨ ਅਤੇ ਪੂੰਜੀ ਨਿਰਮਾਣ ਸ਼ਾਖਾ ਲਈ ਬੱਜਟ ਸਬੰਧੀ ਸੂਚਨਾਂ ਤਿਆਰ ਕੀਤੀ ਗਈ।

## 4. ਉਦਯੋਗਿਕ ਅੰਕੜੇ

ਉਦਯੋਗਿਕ ਅੰਕੜੇ ਇਕੱਤਰ ਅਤੇ ਸੰਗ੍ਰਹਿ ਕਰਨ ਲਈ ਅਰਥ ਅਤੇ ਅੰਕੜਾ ਸੰਗਠਨ ਪੰਜਾਬ ਵਲੋਂ ਸਾਲ 1967-68 ਦੌਰਾਨ ਉਦਯੋਗ ਸ਼ਾਖਾ ਦੀ ਸਥਾਪਨਾ ਕੀਤੀ ਗਈ। ਇਸ ਸਮੇਂ ਇਸ ਸ਼ਾਖਾ ਦਾ ਮੁੱਖ ਕੰਮ ਤਿਮਾਹੀਵਾਰ/ਸਾਲਾਨਾ ਚੁਣੀਆਂ ਗਈਆਂ ਮਹੱਤਵਪੂਰਨ ਮੱਦਾਂ ਲਈ ਉਦਯੋਗਿਕ ਸੂਚਕ ਅੰਕ (ਆਈ.ਆਈ.ਪੀ.) ਤਿਆਰ ਕਰਨਾ ਅਤੇ ਉਦਯੋਗਿਕ ਉਤਪਾਦਨ ਸੂਚਕ ਅੰਕ ਦਾ ਅਧਾਰ ਸਾਲ 1993-94=100 ਤੋਂ ਬਦਲ ਕੇ 2004-05=100 ਕਰਨਾ ਹੈ ।

<u>ਸਾਲ 2014-15 ਦੌਰਾਨ ਕੀਤਾ ਕੰਮ :-</u>

1. ਕੇਂਦਰੀ ਅੰਕੜਾ ਸੰਗਠਨ, ਕਲਕੱਤਾ (ਭਾਰਤ ਸਰਕਾਰ) ਤੋਂ ਪ੍ਰਾਪਤ ਏ.ਐਸ.ਆਈ. ਸਮੱਰੀ ਰਿਜਲਟ ਸਾਲ 2011-12 ਦੇ ਅਧਾਰ ਤੇ ਰਾਜ ਅੰਕੜਾ ਸਾਰ ਸਾਲ 2014 ਲਈ 3 ਸਾਰਣੀਆਂ ਤਿਆਰ ਕਰਕੇ ਸਬੰਧਤ ਸਾਖਾ ਨੂੰ ਭੇਜੀਆਂ ਗਈਆਂ । ਏ.ਐਸ.ਆਈ. ਸਮਰੀ ਰਿਜਲਟ ਤੋਂ ਕ੍ਰਿਟੀਕਲ ਇੰਡੀਕੇਟਰ 2012-13 ਤਿਆਰ ਕਰਕੇ ਸਬੰਧਤ ਸਾਖਾ ਨੂੰ ਭੇਜੇ ਗਏ ।

2. ਚੈਪਟਰ ਉਦਯੋਗ ਪੰਜ ਸਾਰਣੀਆਂ ਸਮੇਤ ਆਰਥਿਕ ਸਰਵੇਖਣ ਸਾਲ 2014-15 ਲਈ ਤਿਆਰ ਕੀਤਾ ਗਿਆ ।
3. ਚੋਣਵੀਆਂ 115 ਆਈਟਮਾਂ ਦਾ ਉਦਯੋਗਿਕ ਉਤਪਾਦਨ ਸੂਚਕ ਅੰਕ ਸਾਲ 2013-14 ਲਈ ਰਾਜ ਪੱਧਰ ਤੇ ਤਿਆਰ ਕੀਤਾ ਗਿਆ। ਇਸ ਸੂਚਕ ਅੰਕ ਨਾਲ ਸਬੰਧਤ ਦੋ ਸਾਰਣੀਆਂ ਤਿਆਰ ਕਰਕੇ ਰਾਜ ਅੰਕੜਾ ਸਾਰ 2014 ਅਤੇ ਆਰਥਿਕ ਸਰਵੇਖਣ 2014-15 ਵਿੱਚ ਸਾਮਲ ਕਰਨ ਲਈ ਸਬੰਧਤ ਸਾਖਾ ਨੂੰ ਭੇਜੀਆਂ ਗਈਆਂ ।
4. All India Training of Trainers (AITOT) for Annual Survey of Industries ASI ਨਾਲ ਸਬੰਧਤ ਫੀਲਡ ਓਪਰੇਸ਼ਨ MOSPI ਭਾਰਤ ਸਰਕਾਰ ਵਲੋਂ ਉਦੇਪੁਰ ਵਿਖੇ ਮਿਤੀ 17-09-2014 ਤੋਂ 19-09-2014 ਤੱਕ ਕਰਵਾਈ ਵਰਕਸ਼ਾਪ ਓ.ਅ.ਅ.ਸ. ਵਲੋਂ ਅਟੈਂਡ ਕੀਤੀ ਗਈ।

## 5. ਸੰਗ੍ਰਹਿ

ਇਹ ਸੈਕਸ਼ਨ ਡੈਟਾ ਬੈਂਕ ਵਜੋਂ ਕੰਮ ਕਰਦਾ ਹੈ। ਰਾਜ ਵਿਚ ਵਿਕਾਸ ਸਬੰਧੀ ਸਕੀਮਾਂ ਨੂੰ ਲਾਗੂ ਕਰਨ ਦਾ ਕੰਮ ਕਰਨ ਹਿੱਤ ਮਹੱਤਵਪੂਰਨ ਫੈਸਲੇ ਲੈਣ ਲਈ ਬਹੁਪੱਖੀ ਡੈਟਾ ਪ੍ਰਸਾਸ਼ਕਾਂ, ਯੋਜਨਾਕਾਰਾਂ ਅਤੇ ਖੋਜਕਾਰਾਂ ਲਈ ਉਪਲਬੱਧ ਕੀਤਾ ਜਾਂਦਾ ਹੈ। ਇਸ ਸ਼ਾਖਾ ਵਲੋਂ ਰਾਜ ਅੰਕੜਾ ਸਾਰ, ਜੋ ਕਿ ਮੈਕਰੋ ਪੱਧਰ ਡੈਟਾ ਸਬੰਧੀ ਵਿਭਾਗ ਦਾ ਇਕ ਮਹੱਤਵਪੂਰਨ ਦਸਤਾਵੇਜ ਹੈ, ਤਿਆਰ ਕੀਤਾ ਜਾਂਦਾ ਹੈ। ਇਸ ਤੋ ਇਲਾਵਾ ਪੰਜਾਬ ਐਟ-ਏ-ਗਲਾਂਸ ਇਕ ਹੋਰ ਮਹੱਤਵਪੂਰਨ ਦਸਤਾਵੇਜ ਤਿਆਰ ਕੀਤਾ ਜਾਂਦਾ ਹੈ। ਕੇਂਦਰੀ ਸਰਕਾਰ ਅਤੇ ਵੱਖ ਵੱਖ ਰਾਜ ਸਰਕਾਰਾਂ ਦਰਮਿਆਨ ਅੰਕੜਾਤਮਿਕ ਗਤੀਵਿਧੀਆਂ ਲਈ ਤਾਲਮੇਲ ਵੀ ਕੀਤਾ ਜਾਂਦਾ ਹੈ।

<u>ਸਾਲ 2014-15 ਦੌਰਾਨ ਕੀਤਾ ਕੰਮ</u> :-

1. ਪੰਜਾਬ ਦਾ ਅੰਕੜਾ ਸਾਰ ਸਾਲ 2013 ਅਤੇ 2014 (ਬੱਜਟ ਡਾਕੂਮੈਂਟ) ਤਿਆਰ ਕੀਤੇ ਗਏ।
2. ਪੰਜਾਬ ਦੇ ਬੱਜਟ ਸੈਸ਼ਨ 2013 ਅਤੇ 2014 ਲਈ ਮਾਨਯੋਗ ਵਿੱਤ ਮੰਤਰੀ ਜੀ ਦੇ ਭਾਸ਼ਣ ਲਈ ਸਮੱਗਰੀ ਤਿਆਰ ਕੀਤੀ ਗਈ।
3. ਸਾਲ ਦੌਰਾਨ ਵਿਭਾਗ ਦੀਆਂ ਪ੍ਰਾਪਤੀਆਂ ਦੀ ਸੂਚਨਾਂ ਮਾਨਯੋਗ ਮੁੱਖ ਮੰਤਰੀ ਜੀ ਦੇ ਦਫਤਰ ਭੇਜੀ ਗਈ।
4. ਸਾਲ 2012-13 ਦੀ ਸਲਾਨਾ ਪ੍ਰਸ਼ਾਸ਼ਕੀ ਰਿਪੋਰਟ ਤਿਆਰ ਕੀਤੀ ਗਈ ਅਤੇ ਕੌਂਸਲ ਆਫ ਮਨਿਸਟਰਜ਼ (ਸੀ.ਐਮ.ਐਮ.) ਤੋਂ ਪ੍ਰਵਾਨ ਕਰਵਾਈ ਗਈ ਅਤੇ ਸਾਲ 2013-14 ਦੀ ਸਲਾਨਾ ਪ੍ਰਸ਼ਾਸ਼ਕੀ ਰਿਪੋਰਟ ਦਾ ਕੰਮ ਚੱਲ ਰਿਹਾ ਹੈ।
5. ਤਿਮਾਹੀਵਾਰ ਅੰਕੜਾ ਨਿਊਜ਼ ਲੈਟਰ 3/2014, 6/2014, 9/2014 ਅਤੇ 12/2014 ਨੂੰ ਖਤਮ ਹੋਈਆਂ ਤਿਮਾਹੀਆਂ ਬਾਬਤ ਅਤੇ ਨੈਸ਼ਨਲ ਐਡਵਾਈਜ਼ਰੀ ਬੋਰਡ ਆਫ ਸਟੈਟਿਸਟੀਕਸ 6/2014, 12/2014 ਦੀਆਂ ਛਿਮਾਹੀ ਰਿਪੋਰਟਾਂ ਬਾਬਤ ਸੂਚਨਾਂ ਕੇਂਦਰੀ ਅੰਕੜਾ ਸੰਗਠਨ, ਨਵੀਂ ਦਿੱਲੀ ਨੂੰ ਭੇਜੀ ਗਈ ।
6. ਪੰਜਾਬ ਐਟ ਏ ਗਲਾਂਸ ਜਿਲ੍ਹਾਵਾਰ ਸਾਲ 2013 ਤਿਆਰ ਕੀਤਾ ਗਿਆ ।
7. ਕੇਂਦਰ ਅਤੇ ਰਾਜ ਅੰਕੜਾਤਮਕ ਬਿਊਰੋਜ ਦੀ 22ਵੀਂ ਕਾਨਫਰੰਸ ਆਰਥਿਕ ਸਲਾਹਕਾਰ ਦੁਆਰਾ ਮਿਤੀ 13 ਤੋ 14 ਨਵੰਬਰ, 2014 ਨੂੰ ਪਣਜੀ (ਗੋਆ) ਵਿਖੇ ਅਟੈਂਡ ਕੀਤੀ ਗਈ । 21ਵੀਂ ਕਾਨਫਰੰਸ ਦੀ ਐਕਸ਼ਨ ਟੇਕਨ ਰਿਪੋਰਟ ਵੀ ਕੇਂਦਰੀ ਅੰਕੜਾ ਸੰਗਠਨ ਨੂੰ ਭੇਜੀ ਗਈ ।
8. 'ਪੰਜਾਬ ਦੀ ਜਨਸੰਖਿਆ ਦੇ ਅੰਕੜੇ' ਪਬਲੀਕੇਸਨ ਤਿਆਰ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ। ਤਿਆਰ ਪਬਲੀਕੇਸਨ ਪ੍ਰਵਾਨਗੀ ਲਈ ਭੇਜੀ ਗਈ।
9. ਅੰਕੜਾ ਐਟਲਸ ਪੰਜਾਬ 2012 ਤਿਆਰ ਕੀਤੀ ਗਈ ।
10. ਵਿਭਾਗ ਦੀ ਤਿਮਾਹੀ ਨਿਊਜ ਲੈਟਰ ਮੁੱਕਦੀ ਤਿਮਾਹੀ ਮਾਰਚ-2014,ਜੂਨ-2014, ਸਤੰਬਰ-2014 ਅਤੇ ਦਸੰਬਰ-2014 ਤਿਆਰ ਕੀਤੀ ਗਈ ।
11. ਰਾਈਟ ਟੂ ਇਨਫਰਮੇਸ਼ਨ ਐਕਟ-2005 ਅਧੀਨ
    (i) 17 ਮੈਨੂਅਲਜ਼ ਦੀ ਸੂਚਨਾ 31.3.2014 ਮੁਤਾਬਕ ਅੱਪਡੇਟ ਕੀਤੀ ।
    (ii) ਸਾਲ 2014 ਵਿੱਚ ਪ੍ਰਾਪਤ ਕੇਸਾਂ ਦੀ ਗਿਣਤੀ ਸਬੰਧੀ ਸਲਾਨਾ ਰਿਪੋਰਟ ਤਿਆਰ ਕੀਤੀ ਅਤੇ ਰਾਜ ਸੂਚਨਾ ਕਮਿਸਨ ਨੂੰ ਭੇਜੀ ਗਈ ।
    (iii) ਸੂਚਨਾ ਦਾ ਅਧਿਕਾਰ ਸੰਬਧੀ ਕੇਸਾਂ ਨੂੰ ਨਿਪਟਾਇਆ ਗਿਆ ।

12. 13ਵੇਂ ਕਮਿਸ਼ਨ ਅਧੀਨ ਵਿਭਾਗ ਦੇ ਸਟਾਫ ਲਈ(NIELIT) ਵਿਖੇ ਕੰਪਿਊਟਰ ਟ੍ਰੇਨਿੰਗ ਕਰਵਾਉਣ ਲਈ ਪੱਤਰ ਵਿਹਾਰ ਕੀਤਾ ਗਿਆ। ਵਿਭਾਗ ਦੇ 250 ਸਟੈਟਿਸਟੀਕਲ ਪ੍ਰਸੋਨਲਜ ਨੂੰ 12 ਬੈਚਾਂ ਵਿਚ ਟ੍ਰੇਨਿੰਗ ਦਿਤੀ ਗਈ।

ਫੁੱਟਕਲ:-

ਕੋਆਰਡੀਨੇਸ਼ਨ ਨਾਲ ਸਬੰਧਤ ਅਤੇ ਹੋਰ ਟਰੇਨਿੰਗ ਆਦਿ ਸਬੰਧੀ ਪੱਤਰਾਂ ਦਾ ਨਿਪਟਾਰਾ ਕੀਤਾ ਗਿਆ।

## 6. ਕੀਮਤਾਂ

ਕੀਮਤਾਂ ਦੇ ਰੁੱਖ ਦਾ ਅਧਿਐਨ ਕਰਨ ਲਈ (ਖਾਸ ਕਰਕੇ ਵੱਧ ਰਹੀਆਂ ਕੀਮਤਾਂ) ਥੋਕ ਅਤੇ ਪ੍ਰਚੂਨ ਕੀਮਤਾਂ ਹਰ ਹਫਤੇ ਇਕੱਠੀਆਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਤੋਂ ਮਹੀਨਾਵਾਰ ਕੀਮਤਾਂ ਦੇ ਬੁਲੇਟਿਨ ਤਿਆਰ ਕੀਤੇ ਜਾਂਦੇ ਹਨ। ਪੰਜਾਬ ਵਿਚ ਕਾਮੇ ਵਰਗਾਂ ਲਈ ਉਪਭੋਗਤਾ ਭਾਅ ਸੂਚਕ ਅੰਕ 6 ਚੋਣਵੇਂ ਕੇਂਦਰਾਂ ਅਰਥਾਤ ਅਬੋਹਰ, ਬਠਿੰਡਾ, ਧਾਰੀਵਾਲ, ਨੰਗਲ, ਪਟਿਆਲਾ ਅਤੇ ਫਗਵਾੜਾ ਲਈ ਹਰ ਮਹੀਨੇ ਤਿਆਰ ਕਰਕੇ ਰਾਜ ਦੇ ਸਰਕਾਰੀ ਦਫਤਰਾਂ ਅਤੇ ਸਬੰਧਤ ਉਦਯੋਗਿਕ ਇਕਾਈਆਂ ਨੂੰ ਭੇਜੇ ਜਾਂਦੇ ਹਨ ਤਾਂ ਕਿ ਉਹ ਫੈਕਟਰੀ ਕਾਮਿਆਂ ਨੂੰ ਵੱਧ ਰਹੀਆਂ ਕੀਮਤਾਂ ਦੇ ਪ੍ਰਭਾਵ ਨੂੰ ਘੱਟ ਕਰਨ ਲਈ ਰਾਹਤ ਦੇ ਸਕਣ। ਪੇਂਡੂ ਪ੍ਰਚੂਨ ਕੀਮਤਾਂ ਅਤੇ ਜ਼ਰਾਇਤੀ ਮਜ਼ਦੂਰਾਂ ਦੀ ਮਜ਼ਦੂਰੀ ਸਬੰਧੀ ਅੰਕੜੇ ਇਕੱਠੇ ਕਰਕੇ ਸੰਕਲਨ ਤੋਂ ਬਾਅਦ ਹਰ ਮਹੀਨੇ ਕੇਂਦਰੀ ਸਰਕਾਰ ਅਤੇ ਰਾਜ ਸਰਕਾਰ ਦੇ ਵਿਭਾਗਾਂ ਨੂੰ ਭੇਜੇ ਜਾਂਦੇ ਹਨ। ਚੁਣੀਆਂ ਹੋਈਆਂ ਜ਼ਰੂਰੀ ਵਸਤਾਂ ਦੀਆਂ ਥੋਕ ਅਤੇ ਪ੍ਰਚੂਨ ਕੀਮਤਾਂ ਦੀ ਮਹੀਨਾਵਾਰ ਮੋਨੀਟਰਿੰਗ ਰਿਪੋਰਟ ਤਿਆਰ ਕੀਤੀ ਜਾਂਦੀ ਹੈ।

ਸਾਲ 2014-15 ਦੌਰਾਨ ਕੀਤਾ ਕੰਮ :-

1. ਉਪਭੋਗਤਾ ਭਾਅ ਸੂਚਕ ਅੰਕ (ਅਧਾਰ 1987=100) ਕਾਮਿਆਂ ਲਈ ਚੋਣਵੇਂ ਛੇ ਕੇਂਦਰਾਂ ਲਈ ਇਨਡੈਕਸ ਮਹੀਨਾ ਮਾਰਚ, 2014 ਤੋਂ ਫਰਵਰੀ, 2015 ਤੱਕ ਤਿਆਰ ਕਰਕੇ ਜਾਰੀ ਕੀਤੇ ਗਏ ।
2. ਥੋਕ ਕੀਮਤਾਂ ਦਾ ਸੂਚਕ ਅੰਕ ਮਹੀਨਾ ਮਾਰਚ-2014 ਤੋਂ ਫਰਵਰੀ-2015 ਤੱਕ ਤਿਆਰ ਕਰਨ ਉਪਰੰਤ ਜਾਰੀ ਕੀਤਾ ਗਿਆ ਅਤੇ ਵਿਭਾਗੀ ਵੈਬਸਾਈਟ ਤੇ ਪਲੇਸ ਕੀਤੇ ਗਏ।
3. ਉਪਰੇਸਨ ਵਾਈਜ/ ਜਿਲ੍ਹਾ-ਵਾਰ ਜ਼ਰਾਇਤੀ ਮਜ਼ਦੂਰਾਂ ਦੀ ਮਜ਼ਦੂਰੀ ਸਬੰਧੀ ਮਹੀਨਾ ਮਾਰਚ,2014 ਤੋਂ ਫਰਵਰੀ,2015 ਤੱਕ ਸੂਚਨਾ ਤਿਆਰ ਕੀਤੀ ਗਈ ਅਤੇ ਭਾਰਤ ਸਰਕਾਰ ਨੂੰ ਭੇਜੀ ਜਾਣ ਵਾਲੀ ਇਹ ਸੂਚਨਾ ਖੇਤੀਬਾੜੀ ਵਿਭਾਗ ਨੂੰ ਅਗਲੇਰੀ ਕਾਰਵਾਈ ਹਿੱਤ ਭੇਜੀ ਗਈ ।
4. ਇਸ ਸਾਲ ਦੌਰਾਨ ਉਦਯੋਗਿਕ ਕਾਮਿਆਂ ਲਈ ਉਪਭੋਗਤਾ ਭਾਅ ਸੂਚਕ ਅੰਕ ਦਾ ਆਧਾਰ ਸਾਲ 1987=100 ਤੋਂ 2014=100 ਰੀਵਾਈਜ ਕਰਨ ਲਈ ਟੈਕਨੀਕਲ ਐਡਵਾਈਜਰੀ ਕਮੇਟੀ ਦੀਆਂ ਚਾਰ ਮੀਟਿੰਗਾਂ ਕਰਵਾਈਆਂ ਗਈਆ, ਇਸ ਮੰਤਵ ਲਈ ਵਰਕਿੰਗ ਕਲਾਸ ਫੈਮਲੀ ਇਨਕਮ ਅਤੇ ਐਕਸਪੈਂਡੀਚਰ ਸਰਵੇ ਕਰਵਾਉਣ ਹਿੱਤ 6 ਸੈਂਟਰ (ਬਠਿੰਡਾ, ਕਪੂਰਥਲਾ, ਪਟਿਆਲਾ, ਮੰਡੀ ਗੋਬਿੰਦਗੜ੍ਹ ,ਫਗਵਾੜਾ ਅਤੇ ਐਸ.ਏ.ਐਸ.ਨਗਰ ਮੋਹਾਲੀ) ਦੀ ਚੋਣ ਕੀਤੀ ਗਈ ।
5. ਚੋਣਵੀਆਂ ਜ਼ਰੂਰੀ ਵਸਤਾਂ ਦੀਆਂ ਪ੍ਰਚੂਨ ਕੀਮਤਾਂ ਜ਼ਿਲ੍ਹਿਆਂ ਤੋਂ ਇਕੱਤਰ ਕਰਨ ਉਪਰੰਤ ਮਾਰਚ,2014 ਤੋਂ ਮਾਰਚ,2015 ਤੱਕ ਹਫ਼ਤਾਵਾਰੀ ਮੋਨੀਟਰਿੰਗ ਰਿਪੋਰਟ ਤਿਆਰ ਕਰਕੇ ਹਰ ਬੁੱਧਵਾਰ ਵਿਭਾਗ ਦੀ ਵੈਬਸਾਈਟ ਤੇ ਪਲੇਸ ਕੀਤੀ ਗਈ।
6. ਪੰਜਾਬ ਵਿੱਚ ਕੀਮਤਾਂ ਨੂੰ ਕੰਟਰੋਲ ਕਰਨ ਲਈ ਕੀਮਤਾਂ ਨਿਗਰਾਨ ਕਮੇਟੀ ਦੀਆਂ ਪੰਜ ਮੀਟਿੰਗਾਂ ਕਰਵਾਈਆਂ ਗਈਆਂ।
7. ਆਰਥਿਕ ਸਰਵੇਖਣ ਪੰਜਾਬ 2014-15 ਅਤੇ ਰਾਜ ਅੰਕੜਾ ਸਾਰ 2014 ਲਈ ਕੀਮਤਾਂ ਸਬੰਧੀ ਚੈਪਟਰ ਅਤੇ ਸਾਰਣੀਆਂ ਸਬੰਧਤ ਸ਼ਖਾਵਾਂ ਨੂੰ ਭੇਜੇ ਗਏ।

## 7. ਫ਼ੀਲਡ ਉਪਰੇਸਨ

ਅਰਥ ਤੇ ਅੰਕੜਾ ਸੰਗਠਨ, ਪੰਜਾਬ ਦੀ ਫੀਲਡ ਉਪਰੇਸ਼ਨ ਸ਼ਾਖਾ ਦੀ ਸਥਾਪਨਾ ਦਾ ਮੁੱਖ ਉਦੇਸ਼ ਪਿੰਡ/ਬਲਾਕ ਪੱਧਰ ਦੇ ਅੰਕੜਿਆਂ ਦੀ ਗੁਣਵੱਤਾ ਵਿੱਚ ਸੁਧਾਰ ਲਿਆਉਣਾ ਹੈ। ਇਹ ਸ਼ਾਖਾ ਸਮਾਜਿਕ ਅਤੇ ਆਰਥਿਕ ਪਹਿਲੂਆਂ ਦੀ ਪਿੰਡ/ਬਲਾਕ ਪੱਧਰ ਤੇ ਵਾਧੂ ਮੁੱਢਲੀ ਸੂਚਨਾ ਇਕੱਠੀ ਕਰਦੀ ਹੈ ਜੋ ਪਹਿਲਾਂ ਕਿਸੇ ਹੋਰ ਏਜੰਸੀ ਦੁਆਰਾ ਘੱਟ ਹੀ ਇਕੱਤਰ ਕੀਤੀ ਜਾਂਦੀ ਰਹੀ ਹੈ। ਸਮੇਂ ਦੀ ਮੰਗ ਨਾਲ ਬਲਾਕ ਅਤੇ ਹੇਠਲੇ ਪੱਧਰ ਦੀ ਮਾਈਕਰੋ ਯੋਜਨਾ ਦੀ ਮਹੱਤਤਾ ਵਧਣ ਨਾਲ ਬਲਾਕ ਪੱਧਰ ਦੇ

ਅੰਕੜਿਆਂ ਦੀ ਮਹੱਤਤਾ ਵੱਧ ਗਈ ਹੈ। ਵੱਖ ਵੱਖ ਸਰਕਾਰੀ ਵਿਭਾਗਾਂ ਅਤੇ ਸੰਗਠਨਾਂ ਵਲੋਂ ਵਿਸ਼ੇਸ਼ ਕਰਕੇ ਯੋਜਨਾ ਤੇ ਹੇਠਲੀ ਪੱਧਰ ਦੇ ਵਿਕੇਂਦਰੀਕਰਨ ਹੋਣ ਕਰਕੇ ਪਿੰਡ ਤੇ ਬਲਾਕ ਪੱਧਰ ਦੇ ਅੰਕੜਿਆਂ ਦੀ ਬਹੁਤ ਮੰਗ ਕੀਤੀ ਜਾਂਦੀ ਹੈ।

ਬਲਾਕ ਪੱਧਰ ਤੇ ਨਿਯੁਕਤ ਇਨਵੈਸਟੀਗੇਟਰਾਂ ਵਲੋਂ ਪਿੰਡ ਪੱਧਰ ਦੀ ਵਿਸਥਾਰ ਪੂਰਵਕ ਸੂਚਨਾ ਇਕੱਤਰ ਅਤੇ ਸੰਕਲਨ ਕੀਤੀ ਜਾਂਦੀ ਹੈ, ਜਿਸ ਨੂੰ ਜ਼ਿਲ੍ਹਾ ਅੰਕੜਾ ਅਫਸਰਾਂ ਦੀ ਦੇਖ ਰੇਖ ਵਿਚ ਚੈਕ ਕੀਤਾ ਜਾਂਦਾ ਹੈ। ਰਾਜ ਪੱਧਰ ਤੇ ਇਸ ਸੂਚਨਾ ਦੀ ਸਕਰੂਟਨੀ ਅਤੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ।ਇਹ ਸੂਚਨਾ ਮੁੱਖ ਦਫਤਰ ਵਿਖੇ ਆਨ ਲਾਈਨ ਇਕੱਤਰ ਕੀਤੀ ਜਾਂਦੀ ਹੈ ਅਤੇ ਵਿਭਾਗ ਦੀ ਵੈਬਸਾਈਟ ਤੇ ਪਾਈ ਜਾਂਦੀ ਹੈ। ਇਕੱਤਰ ਕੀਤੀ ਗਈ ਸੂਚਨਾ ਦੇ ਆਧਾਰ ਤੇ ਰਾਜ ਦੇ ਹਰ ਜ਼ਿਲ੍ਹੇ ਵਲੋਂ ਪਿੰਡਾਂ ਦੀ ਡਾਇਰੈਕਟਰੀ ਅਤੇ ਬਲਾਕ ਐਟ ਏ ਗਲਾਂਸ ਤਿਆਰ ਕੀਤੇ ਜਾਂਦੇ ਹਨ।

ਯੋਜਨਾ ਕਮਿਸ਼ਨ ਭਾਰਤ ਸਰਕਾਰ ਦੇ ਨਿਰਦੇਸ਼ ਅਨੁਸਾਰ ਸਾਲ 1998-99 ਤੋਂ ਰਾਜ ਦੇ ਹਰ ਜ਼ਿਲ੍ਹੇ ਦੀ ਪਿੰਡਾਂ ਦੀ ਡਾਇਰੈਕਟਰੀ ਨੂੰ ਵੈਬ ਸਾਈਟ ਤੇ ਪਲੇਸ ਕਰਨ ਦਾ ਕੰਮ ਸ਼ੁਰੂ ਕੀਤਾ ਗਿਆ। ਹਰ ਸਾਲ ਬਲਾਕਵਾਰ ਸਮਾਜਿਕ ਅਤੇ ਆਰਥਿਕ ਵਿਕਾਸ (ਪੇਂਡੂ) ਸੂਚਕ ਅੰਕ ਤਿਆਰ ਕੀਤੇ ਜਾਂਦੇ ਹਨ। ਪੰਜਾਬ ਰਾਜ ਦੇ ਅਤੇ ਸਮੂਹ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਵੀ ਤਿਆਰ ਕਰਕੇ ਵੈਬ ਸਾਈਟ ਤੇ ਪਲੇਸ ਕੀਤੇ ਜਾਂਦੇ ਹਨ।

ਸਾਲ 2014-2015 ਦੌਰਾਨ ਕੀਤਾ ਕੰਮ:-

1. (i) ਪਿੰਡਾਂ ਦੀ ਡਾਇਰੈਕਟਰੀ ਸਾਲ 2012-13 (ਰਹਿੰਦੇ ਸੱਤ ਜਿਲ੍ਹਿਆਂ ਦੀ) ਕੰਪਿਊਟਰਾਈਜ਼ ਕੀਤੀ ਗਈ।
   (ii) ਪਿੰਡਾਂ ਦੀ ਡਾਇਰੈਕਟਰੀ ਸਾਲ 2012-13 ਦੇ ਸਮੂਹ ਜਿਲ੍ਹਿਆਂ ਦੀ PDF ਤਿਆਰ ਕਰਕੇ ਵਿਭਾਗ ਦੀ ਵੈਬ ਸਾਈਟ www.esopb.gov.in ਤੇ ਪਲੇਸ ਕੀਤੀ ਗਈ।
   (iii) ਪਿੰਡਾਂ ਦੀ ਡਾਇਰੈਕਟਰੀ ਸਾਲ 2013-14 ਦੇ 22 ਜਿਲ੍ਹਿਆਂ ਦੀ ਸੂਚਨਾ ਕੰਪਿਊਟਰਾਈਜ਼ਡ ਕਰਵਾਈ ਗਈ।
2. ਸਾਲ 2012-13 ਦੇ 22 ਜਿਲ੍ਹਿਆਂ ਦੇ ਬਲਾਕ ਐਂਟ ਏ ਗਲਾਂਸ ਦੀ ਸੂਚਨਾ ਆਨ ਲਾਈਨ ਚੈਕ ਕੀਤੀ ਅਤੇ ਵਿਭਾਗ ਦੀ ਵੈਬ ਸਾਈਟ ਤੇ ਪਲੇਸ ਕੀਤੀ। ਸਾਲ 2012-13 ਲਈ ਰਹਿੰਦੇ 7 ਜਿਲ੍ਹਿਆਂ ਦੇ ਬਲਾਕ ਐਂਟ ਏ ਗਲਾਂਸ ਦੀ ਸੂਚਨਾ ਕੰਪਿਊਟਰਾਈਜ਼ਡ ਕੀਤੀ ਗਈ । ਬਲਾਕ ਐਟ ਏ ਗਲਾਂਸ ਸਾਲ 2013-14 ਦੇ 9 ਜ਼ਿਲ੍ਹਿਆਂ ਦੀ ਸੂਚਨਾਂ ਕੰਪਿਊਟਰਾਈਜ਼ਡ ਕੀਤੀ ਗਈ।
3. ਪੰਜਾਬ ਬਨਾਮ ਭਾਰਤ ਦੇ ਕ੍ਰਿਟੀਕਲ ਆਰਥਿਕ ਸੂਚਕ ਸਾਲ 2011-12 ਤਿਆਰ ਕਰਨ ਉਪਰੰਤ ਕੰਪਿਊਟਰਾਈਜ਼ਡ ਕਰਕੇ ਵੈਬ ਸਾਈਟ ਤੇ ਪਾਏ ਗਏ ।
4. ਆਰਥਿਕ ਸਰਵੇਖਣ ਸਾਲ 2014-15 ਦੇ 2 ਚੈਪਟਰ ਤਿਆਰ ਕੀਤੇ ਗਏ ।
5. ਸਮੂਹ ਜਿਲ੍ਹਿਆਂ ਤੋਂ ਵਿਕਾਸ ਇੰਡੀਕੇਟਰ ਦਾ ਡਾਟਾ ਇੱਕਤਰ ਕੀਤਾ ਗਿਆ ।
6. ਪਿੰਡਾਂ ਦੀ ਡਾਇਰੈਕਟਰੀ, ਬਲਾਕ ਐਟ-ਏ-ਗਲਾਂਸ ਅਤੇ ਬਲਾਕ ਵਿਕਾਸ ਇੰਡੀਕੇਟਰਜ਼ ਦੇ ਐਨ.ਆਈ.ਸੀ. ਵਲੋਂ ਮੁੱਖ ਦਫਤਰ ਵਿਖੇ ਤਿਆਰ ਕੀਤੇ ਸਾਫਟਵੇਅਰ ਨੂੰ ਲਾਗੂ ਕਰਨ ਲਈ ਕੰਮ ਦਾ ਤਾਲਮੇਲ ਕੀਤਾ ਗਿਆ ਅਤੇ ਸਾਫਟਵੇਅਰ ਚਾਲੂ ਕਰਵਾਇਆ ਗਿਆ ਅਤੇ ਇਸ ਸਾਫਟਵੇਅਰ ਦੀ ਟੈਸਟਿੰਗ ਲਈ ਪਟਿਆਲਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ 4 ਬਲਾਕਾਂ ਦਾ ਸਾਫਟਵੇਅਰ ਵਿਚ ਦਰਜ ਡੈਟਾ ਚੈਕ ਕੀਤਾ ਗਿਆ।
7. ਕੰਡੀ ਏਰੀਏ ਦੇ ਪਿੰਡਾਂ ਦੀਆਂ ਲਿਸਟਾਂ ਸਬੰਧਤ ਜਿਲ੍ਹਿਆਂ ਤੋਂ ਮੰਗਵਾਈਆਂ ਗਈਆਂ ਅਤੇ ਯੋਜਨਾਬੰਦੀ ਪੰਜਾਬ ਦੀ ਜਰੂਰਤ ਮੁਤਾਬਕ ਤਿਆਰ ਕਰਕੇ ਨੋਟੀਫਿਕੇਸਨ ਲਈ ਭੇਜੀਆਂ ਗਈਆਂ।

# 8. ਡੈਮੋਗ੍ਰਾਫੀ ਅਤੇ ਹਾਊਸਿੰਗ

ਇਸ ਸੈਕਸ਼ਨ ਦੁਆਰਾ ਹੇਠ ਦਰਸਾਈਆਂ ਰਿਪੋਰਟਾਂ ਤਿਆਰ ਕੀਤੀਆਂ:-

1. **ਪੰਜਾਬ ਸਰਕਾਰ ਦੇ ਕਰਮਚਾਰੀਆਂ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ** :

ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਗਣਨਾ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਗਣਨਾ ਸਬੰਧੀ ਹਰ ਸਾਲ 31 ਮਾਰਚ ਦੀ ਸੂਚਨਾਂ ਤਿਆਰ ਕੀਤੀ ਜਾਂਦੀ ਹੈ। ਸਲਾਨਾ ਰਿਪੋਰਟ ਵਿੱਚ ਸੂਚਨਾ ਤਨਖਾਹ ਰੇਜ਼, ਜ਼ਿਲ੍ਹੇਵਾਰ, ਵਿਭਾਗਵਾਰ ਅਤੇ ਲਿੰਗਵਾਰ ਦਰਜ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਦੇ ਕੁੱਲ ਕਰਮਚਾਰੀਆਂ ਵਿਚੋਂ ਅਨੁਸੂਚਿਤ ਜਾਤੀਆਂ, ਪੱਛੜੀਆਂ ਸ੍ਰੇਣੀਆਂ, ਸਾਬਕਾ ਫੌਜੀਆਂ, ਸੁਤੰਤਰਤਾ ਸੰਗਰਾਮੀਆਂ ਦੇ ਬੱਚੇ ਅਤੇ ਅੰਗਹੀਣ ਕਰਮਚਾਰੀਆਂ ਦੀ ਗਿਣਤੀ ਇਕੱਤਰ ਕੀਤੀ ਜਾਂਦੀ ਹੈ।

ਇਸ ਪੁਸਤਕ ਵਿੱਚ ਮਾਰਚ, 1993 ਤੋਂ ਕਾਰਪੋਰੇਸ਼ਨ, ਬੋਰਡਾਂ, ਨਗਰਪਾਲਿਕਾਵਾਂ ਮਾਰਕੀਟ ਕਮੇਟੀਆਂ ਅਤੇ ਨਗਰ ਸੁਧਾਰ ਟਰਸਟਾਂ ਆਦਿ ਦੇ ਅਰਧ ਸਰਕਾਰੀ ਕਰਮਚਾਰੀਆਂ ਸਬੰਧੀ ਡੈਟਾ ਸ਼ਾਮਿਲ ਕੀਤਾ ਗਿਆ ਹੈ। ਪੰਜਾਬ ਸਰਕਾਰ ਦੇ ਕਰਮਚਾਰੀਆਂ ਦੀ ਗਣਨਾ ਅਤੇ ਅੱਰਧ-ਸਰਕਾਰੀ ਕਰਮਚਾਰੀਆਂ ਦੀ ਗਣਨਾ ਦੀ ਰਿਪੋਰਟ ਬਾਬਤ 31-3-2014 ਤਿਆਰ ਕਰਕੇ ਉਚ ਅਧਿਕਾਰੀਆਂ ਨੂੰ ਪੇਸ਼ ਕੀਤੀ ਗਈ। ਸਰਕਾਰੀ ਅਤੇ ਅਰਧ ਸਰਕਾਰੀ ਕਰਮਚਾਰੀਆਂ ਦੀ ਸੂਚਨਾਂ ਨਾਲ ਸਬੰਧਤ ਪੰਜ ਸਾਰਣੀਆਂ ਰਾਜ ਅੰਕੜਾ ਸਾਰ 2014 ਲਈ ਤਿਆਰ ਕੀਤੀਆਂ ਗਈਆਂ।

## 2. ਨਗਰਪਾਲਿਕਾ ਅੰਕੜਾ ਪੁਸਤਕ:

ਇਹ ਰਿਪੋਰਟ ਸਲਾਨਾ ਤਿਆਰ ਕੀਤੀ ਜਾਂਦੀ ਹੈ ਅਤੇ ਇਸ ਵਿੱਚ ਰਾਜ ਦੀਆਂ ਸਾਰੀਆਂ ਨਗਰ ਨਿਗਮ/ਨਗਰਪਾਲਿਕਾਵਾਂ ਦੇ ਮਹੱਤਵਪੂਰਨ ਅੰਕੜੇ ਜਿਵੇਂ ਰਕਬਾ ਅਤੇ ਆਬਾਦੀ, ਚੰਗੀ ਸਿਹਤ, ਸਿਖਿਆ, ਪਾਣੀ ਸਪਲਾਈ, ਮਨੋਰੰਜਨ ਸਹੂਲਤਾਂ, ਹੋਟਲ, ਪਸ਼ੂ ਚਕਿਤਸਾਵਾਂ, ਬੈਂਕ, ਸੜਕਾਂ, ਖੇਡ ਸਹੂਲਤਾਂ ਅਤੇ ਡੀਜ਼ਲ/ ਪੈਟਰੋਲ ਪੰਪ ਤੇ ਗੈਸ ਏਜੰਸੀਆਂ ਦੀ ਗਿਣਤੀ ਆਦਿ ਦਰਜ ਕੀਤੇ ਜਾਂਦੇ ਹਨ।

(i) ਇਸ ਸਮੇਂ ਦੌਰਾਨ ਨਗਰਪਾਲਿਕਾ ਅੰਕੜਾ ਪੁਸਤਕ ਸਾਲ 2011-12 ਤਿਆਰ ਕੀਤੀ ਗਈ ਅਤੇ ਪ੍ਰਵਾਨ ਕਰਵਾਈ ਗਈ ।

(ii) ਨਗਰਪਾਲਿਕਾ ਅੰਕੜਾ ਪੁਸਤਕ ਸਾਲ 2012-13 ਦੀ ਰਿਪੋਰਟ ਤਿਆਰ ਕਰਨ ਉਪਰੰਤ ਉਚ ਅਧਿਕਾਰੀਆਂ ਦੀ ਪ੍ਰਵਾਨਗੀ ਲਈ ਭੇਜੀ ਗਈ।

## 3. ਬਿਲਡਿੰਗ ਮਟੀਰੀਅਲ ਕੀਮਤਾਂ ਅਤੇ ਮਜ਼ਦੂਰੀ ਦੀਆਂ ਉਜਰਤਾਂ:

(i) ਬਿਲਡਿੰਗ ਮਟੀਰੀਅਲ ਦੀਆਂ ਕੀਮਤਾਂ ਅਤੇ ਮਜ਼ਦੂਰੀ ਦੀਆਂ ਉਜਰਤਾਂ ਦੇ ਅੰਕੜੇ ਤਿਮਾਹੀਵਾਰ ਪੰਜਾਬ ਰਾਜ ਦੇ ਸਾਰੇ ਜ਼ਿਲ੍ਹਿਆਂ ਤੋਂ ਇਕੱਤਰ ਕਰਕੇ ਨੈਸ਼ਨਲ ਬਿਲਡਿੰਗ ਆਰਗੇਨਾਈਜੇਸ਼ਨ, ਭਾਰਤ ਸਰਕਾਰ ਨਵੀਂ ਦਿੱਲੀ ਨੂੰ ਭੇਜੇ ਜਾਂਦੇ ਹਨ।

(ii) ਬਿਲਡਿੰਗ ਕੰਨਸਟਰਕਸ਼ਨ ਕਾਸਟ ਇੰਡੈਕਸ ਸਲਾਨਾ ਤਿਆਰ ਕਰਕੇ ਐਨ.ਬੀ.ਓ. ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜਿਆ ਜਾਂਦਾ ਹੈ ।

(iii) ਬਿਲਡਿੰਗ ਮੈਟੀਰੀਅਲ ਦੀਆਂ ਕੀਮਤਾਂ ਅਤੇ ਮਜ਼ਦੂਰੀ ਦੀਆਂ ਉਜਰਤਾਂ ਸਬੰਧੀ ਤਿਮਾਹੀਵਾਰ 31-3-2014, 30-6-2014, 30-9-2014 ਅਤੇ 31-12-2014 ਦੀ ਸੂਚਨਾਂ ਤਿਆਰ ਕਰਕੇ ਨੈਸ਼ਨਲ ਬਿਲਡਿੰਗ ਆਰਗੇਨਾਈਜੇਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਗਈ। ਸਾਲ 2014 ਦਾ ਬਿਲਡਿੰਗ ਕੰਨਸ਼ਟਰਕਸ਼ਨ ਕਾਸਟ ਇੰਡੈਕਸ ਤਿਆਰ ਕਰਨ ਉਪਰੰਤ ਐਨ.ਬੀ.ਓ. ਨਵੀਂ ਦਿੱਲੀ ਨੂੰ ਭੇਜਿਆ ਗਿਆ ।

## 4. ਮਕਾਨਾਂ/ਇਮਾਰਤਾਂ ਦੀ ਉਸਾਰੀ ਸਬੰਧੀ ਸੂਚਨਾਂ

ਪ੍ਰਾਈਵੇਟ/ਪਬਲਿਕ ਖੇਤਰ ਵਿਚ ਮਕਾਨਾਂ/ਇਮਾਰਤਾਂ ਦੀ ਉਸਾਰੀ ਦੀ ਸੂਚਨਾਂ ਕ੍ਰਮਵਾਰ ਸਬੰਧਤ ਨਗਰਪਾਲਿਕਾਵਾਂ ਅਤੇ ਰਾਜ ਸਰਕਾਰ ਦੇ ਸਬੰਧਤ ਅਦਾਰਿਆਂ ਤੋਂ ਇਕੱਤਰ ਕਰਕੇ ਨੈਸ਼ਨਲ ਬਿਲਡਿੰਗ ਆਰਗੇਨਾਈਜੇਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਜਾਂਦੀ ਹੈ।

ਪਬਲਿਕ ਸੈਕਟਰ ਨਾਲ ਸਬੰਧਤ 5 ਵਿਭਾਗਾਂ ਪੁਲਿਸ ਹਾਊਸਿੰਗ ਕਾਰਪੋਰੇਸਨ, ਪੰਜਾਬ ਹਾਊਸਫੈੱਡ, ਪੰਜਾਬ ਹਾਊਸਿੰਗ ਐਂਡ ਅਰਬਨ ਡਿਵੈਲਪਮੈਂਟ ਅਥਾਰਟੀ (ਪੁੱਡਾ), ਹੈਲਥ ਸਿਸਟਮ ਕਾਰਪ੍ਰੋਰੇਸ਼ਨ, ਪਬਲਿਕ ਵਰਕਸ ਵਿਭਾਗ (ਬੀ.ਐਂਡ ਆਰ), ਤੋ ਪ੍ਰਾਪਤ ਸੂਚਨਾ ਈ.ਮੇਲ ਰਾਹੀਂ ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਭੇਜੀ ਗਈ ।

## 5. ਰੁਜਗਾਰ ਅਤੇ ਬੇਰੁਜਗਾਰ ਸਰਵੇ

ਲੇਬਰ ਬਿਊਰੋ ਭਾਰਤ ਸਰਕਾਰ ਵਲੋ ਪੰਜਾਬ ਵਿੱਚ ਇੰਮਪਲਾਇਮੈਂਟ ਅਤੇ ਅਨਇੰਮਪਲਾਇਮੈਂਟ ਸਰਵੇ ਕਰਵਾਇਆ ਜਾ ਰਿਹਾ ਹੈ।ਸਰਵੇ ਦੀ ਸੁਪਰਵੀਜਨ ਦਾ ਕੰਮ ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਵਲੋ ਵੇਖਿਆ ਜਾ ਰਿਹਾ ਹੈ । ਸਰਵੇ ਦੇ ਕੁਆਰਡੀਨੇਸਨ ਦਾ ਕੰਮ ਡੈਮੋਗਰਾਫੀ ਸਾਖਾ ਵਲੋ ਕੀਤਾ ਗਿਆ ।

## 6. ਇਨਫਰਾਸਟਕਚਰ ਸਟੈਟਿਸਟਿਕਸ

ਇਨਫਰਾਸਟਕਚਰ ਸਟੈਟਿਸਟਿਕਸ ਰਿਪੋਰਟ 11 ਖੇਤਰਾਂ ਸੜਕਾਂ, ਸਿੰਚਾਈ, ਬਿਜਲੀ, ਬੈਂਕਿੰਗ, ਹਵਾਈ ਅੱਡਾ, ਦੂਰ ਸੰਚਾਰ, ਡਾਕਘਰ, ਜਲ ਸਪਲਾਈ, ਗੰਦ ਸਫਾਈ ਅਤੇ ਗੋਦਾਮ ਦੀ ਸੂਚਨਾਂ ਇਕੱਤਰ ਕਰਕੇ ਬਣਾਈ ਗਈ।

(i) ਇਨਫਰਾਸਟਕਚਰ ਸਟੈਟਿਸਟਿਕਸ ਦੀ ਰਿਪੋਰਟ ਸਾਲ 2012 ਤਿਆਰ ਕਰਨ ਉਪਰੰਤ ਉਚੱ ਅਧਿਕਾਰੀਆਂ ਤੋਂ ਪ੍ਰਵਾਨ ਕਰਵਾਈ ਗਈ।

(ii) ਇਨਫਰਾਸਟਕਚਰ ਸਟੈਟਿਸਟਿਕਸ ਰਿਪੋਰਟ ਸਾਲ 2013 ਤਿਆਰ ਕਰਨ ਉਪਰੰਤ ਪੜਤਾਲ ਕੀਤੀ ਜਾ ਰਹੀ ਹੈ।

# 9. ਸਿੰਚਾਈ ਅਤੇ ਊਰਜਾ

ਇਸ ਸੈਕਸ਼ਨ ਦੁਆਰਾ ਪੰਜਾਬ ਦੇ ਊਰਜਾ ਅੰਕੜੇ ਦੀ ਰਿਪੋਰਟ ਤਿਆਰ ਕੀਤੀ ਜਾਂਦੀ ਹੈ ਜਿਸ ਵਿੱਚ ਊਰਜਾ ਦੇ ਵੱਖ ਵੱਖ ਪਹਿਲੂਆਂ ਉਤੇ ਜ਼ਿਲ੍ਹੇਵਾਰ ਅਤੇ ਰਾਜਵਾਰ ਸੂਚਨਾਂ ਸ਼ਾਮਿਲ ਕੀਤੀ ਜਾਂਦੀ ਹੈ। ਇਸ ਰਿਪੋਰਟ ਵਿੱਚ ਬਿਜਲੀ ਦੇ ਉਤਪਾਦਨ, ਖਪਤ, ਸੰਚਾਰ, ਵੰਡ, ਪਲਾਟਾਂ ਦੀ ਸਥਾਪਿਤ ਸਮਰੱਥਾ, ਪਲਾਂਟ ਲੋਡ ਫੈਕਟਰਜ਼, ਕੁਨੈਕਟਿਡ ਲੋਡ, ਐਲ.ਟੀ., 11 ਕੇ.ਵੀ. ਅਤੇ ਐਚ.ਟੀ. ਲਾਈਨਾਂ ਦੀ ਲੰਬਾਈ, ਟਰਾਂਸਫਾਰਮਰਾਂ ਦੀ ਗਿਣਤੀ ਅਤੇ ਬਿਜਲੀਕਰਨ ਕੀਤੇ ਪਿੰਡਾਂ ਅਤੇ ਕਸਬਿਆਂ ਦੀ ਸੰਖਿਆ, ਗੈਸ ਕੁਨੈਕਸ਼ਨਾਂ ਦੀ ਗਿਣਤੀ, ਗੋਬਰ ਗੈਸ ਪਲਾਟਾਂ ਦੀ ਗਿਣਤੀ, ਪੈਟਰੋਲ, ਹਾਈਸਪੀਡ ਡੀਜ਼ਲ ਅਤੇ ਮਿੱਟੀ ਦੇ ਤੇਲ ਦੀ ਖਪਤ ਅਤੇ ਬਿਜਲੀ ਨਾਲ ਸਬੰਧਤ ਸਕੀਮਾਂ ਤੇ ਖਰਚੇ ਆਦਿ ਦੇ ਵਿਸਥਾਰ ਪੂਰਵਕ ਅੰਕੜੇ ਸ਼ਾਮਿਲ ਕੀਤੇ ਜਾਂਦੇ ਹਨ। ਜਿਥੋਂ ਤੱਕ ਸੰਭਵ ਹੋਇਆ, ਦੂਜੇ ਰਾਜਾਂ ਨਾਲ ਵੱਖ ਵੱਖ ਤੱਥਾਂ ਦੇ ਤੁਲਨਾਤਮਿਕ ਅੰਕੜੇ ਵੀ ਰਿਪੋਰਟ ਵਿਚ ਦਿਤੇ ਗਏ।

ਸਾਲ 2014-15 ਦੌਰਾਨ ਕੀਤਾ ਕੰਮ:-

1. ਪੰਜਾਬ ਦੇ ਊਰਜਾ ਦੇ ਅੰਕੜੇ ਸਾਲ 2011-12 ਦੀ ਰਿਪੋਰਟ ਤਿਆਰ ਕਰਕੇ ਪ੍ਰਵਾਨ ਕਰਵਾਈ ਗਈ।
2. ਪੰਜਾਬ ਦੇ ਊਰਜਾ ਦੇ ਅੰਕੜੇ ਸਾਲ 2013-14 ਤਿਆਰ ਕਰਨ ਦਾ ਕੰਮ ਕੀਤਾ ਗਿਆ।

ਫੁੱਟਕਲ

1. ਊਰਜਾ ਚੈਪਟਰ ਨਾਲ ਸਬੰਧਤ ਰਾਜ ਅੰਕੜਾ ਸਾਰ 2013 ਅਤੇ 2014 ਅਤੇ ਆਰਥਿਕ ਸਰਵੇਖਣ ਸਾਲ 2014-15 ਲਈ ਜਰੂਰੀ ਸੂਚਨਾ ਤਿਆਰ ਕੀਤੀ ਗਈ ਅਤੇ ਸਬੰਧਤ ਸ਼ਾਖਾ ਨੂੰ ਪਬਲੀਕੇਸ਼ਨ ਵਿਚ ਸ਼ਾਮਲ ਕਰਨ ਲਈ ਭੇਜੀ ਗਈ।
2. ਊਰਜਾ ਦੇ ਕ੍ਰਿਟੀਕਲ ਇਕਨਾਮਿਕ ਇੰਡੀਕੇਟਰ ਤਿਆਰ ਕੀਤੇ ਗਏ।

# 10. ਰਾਸ਼ਟਰੀ ਨਮੂਨਾ ਸਰਵੇਖਣ

ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ, ਭਾਰਤ ਸਰਕਾਰ ਵਲੋਂ ਸਾਲ 1950 ਵਿੱਚ ਕੇਂਦਰ ਅਤੇ ਰਾਜ ਸਰਕਾਰ, ਪਲਾਨਿੰਗ ਕਮਿਸ਼ਨ ਅਤੇ ਹੋਰ ਚਾਹਵਾਨ ਅਦਾਰਿਆਂ ਦੀ ਲੋੜ ਅਨੁਸਾਰ ਰਾਸ਼ਟਰੀ ਪੱਧਰ ਤੇ ਵਿਸਥਾਰ ਪੂਰਵਕ ਸਮਾਜਿਕ ਤੇ ਆਰਥਿਕ ਅੰਕੜੇ ਇਕੱਠੇ ਕਰਨ ਲਈ ਸਥਾਪਿਤ ਕੀਤਾ ਗਿਆ ਸੀ। ਰਾਸ਼ਟਰੀ ਨਮੂਨਾ ਸਰਵੇਖਣ ਵੱਡੇ ਪੈਮਾਨੇ ਤੇ ਰਾਸ਼ਟਰੀ ਪੱਧਰ ਦਾ ਸਰਵੇਖਣ ਹੈ, ਜੋ ਭਾਰਤ ਸਰਕਾਰ ਦੁਆਰਾ ਹਰ ਸਾਲ ਦੌਰਿਆਂ ਦੇ ਰੂਪ ਵਿੱਚ ਵਰਤਮਾਨ ਮਹੱਤਤਾ ਦੇ ਵੱਖਰੇ ਵੱਖਰੇ ਵਿਸ਼ਿਆਂ ਤੇ ਕੀਤਾ ਜਾਂਦਾ ਹੈ। ਪੰਜਾਬ ਰਾਜ ਨੇ ਰਾਸ਼ਟਰੀ ਬਰਾਬਰੀ ਦੇ ਆਧਾਰ ਤੇ ਇਸ ਸਕੀਮ ਵਿੱਚ 1958-59 ਵਿੱਚ 14ਵੇਂ ਦੌਰ ਦੌਰਾਨ ਸ਼ਮੂਲੀਅਤ ਕੀਤੀ ਸੀ। ਰਾਸ਼ਟਰੀ ਨਮੂਨਾ ਸਰਵੇਖਣ ਰਾਹੀਂ ਅੰਕੜੇ ਇਕੱਠੇ ਕਰਨ ਦਾ ਪਹਿਲਾਂ ਮੰਤਵ ਪੰਜਾਬ ਰਾਜ ਲਈ ਇੱਕ ਮਾਤਰ ਸੈਂਪਲ ਨਤੀਜੇ ਪ੍ਰਾਪਤ ਕਰਨਾ ਹੈ ਤਾਂ ਜੋ ਇਹਨਾਂ ਨੂੰ ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ, ਭਾਰਤ ਸਰਕਾਰ ਨੂੰ ਕੇਂਦਰੀ ਅਤੇ ਰਾਜ ਸੈਂਪਲ ਨਤੀਜੇ ਸਾਂਝੇ ਕਰਨ ਲਈ ਭੇਜਿਆ ਜਾ ਸਕੇ। ਇਸ ਸਕੀਮ ਦਾ ਦੂਜਾ ਮੰਤਵ ਭਿੰਨ ਭਿੰਨ ਵਿਭਾਗਾਂ ਨੂੰ ਉਹਨਾਂ ਦੇ ਲੋੜ ਅਨੁਸਾਰ ਅੰਕੜਾਤਮਿਕ ਸੂਚਨਾਂ ਪ੍ਰਦਾਨ ਕਰਨਾ ਹੈ।

## ਸਾਲ 2014-15 ਦੌਰਾਨ ਕੀਤਾ ਕੰਮ:-

ਇਸ ਸਮੇਂ ਦੌਰਾਨ ਰਾਸ਼ਟਰੀ ਨਮੂਨਾ ਸਰਵੇਖਣ ਦੇ 71ਵੇਂ ਦੌਰ ਦੇ ਦੂਜੇ ਸਬ-ਦੌਰ ਦੇ 96 ਸੈਂਪਲ (48 ਪੇਂਡੂ ਅਤੇ 48 ਸ਼ਹਿਰੀ) ਦਾ ਖੇਤਰੀ ਡਾਟਾ ਇਕੱਤਰ ਕੀਤਾ ਗਿਆ ਅਤੇ ਸਰਵੇਖਣ ਸਬੰਧੀ 1248 ਸਡਿਊਲਾਂ ਵਿੱਚ ਸੂਚਨਾਂ ਮੁਕੰਮਲ ਕੀਤੀ।

ਰਨਸ ਦੇ 72ਵਾਂ ਦੌਰ ਦੇ ਪਹਿਲੇ ਅਤੇ ਦੂਜੇ ਸਬ ਦੌਰ ਦੇ ਖੇਤਰੀ ਸਰਵੇਖਣ ਦਾ ਕੰਮ ਪਹਿਲੀ ਜੁਲਾਈ, 2014 ਤੋਂ 31 ਦਸੰਬਰ,2014 ਤੱਕ ਮੁਕੰਮਲ ਕੀਤਾ ਗਿਆ। ਅਲਾਟ ਕੀਤੇ 214 ਸੈਂਪਲਾਂ ਵਿਚੋਂ 2354 ਸਡੂਲਾਂ ਵਿੱਚ ਸੂਚਨਾਂ ਮੁਕੰਮਲ ਕੀਤੀ। ਰਨਸ 72ਵਾਂ ਦੌਰ ਦੇ ਤੀਜੇ ਦੌਰ ਲਈ ਅਲਾਟ ਕੀਤੇ 107 ਸੈਂਪਲਾਂ ਦੇ 1177 ਸਡੂਲਾਂ ਵਿੱਚ ਮਿਤੀ ਪਹਿਲੀ ਜਨਵਰੀ 2015 ਤੋਂ 31 ਮਾਰਚ,2015 ਤੱਕ ਸੂਚਨਾਂ ਮੁਕੰਮਲ ਕੀਤੀ ਗਈ।

ਐਨ.ਐਸ.ਐਸ.ਓ ਵਲੋਂ ਕਰਵਾਈਆ ਗਈਆਂ ਵਰਕਸ਼ਾਪ ਹੇਠ ਅਨੁਸਾਰ ਅਟੈਂਡ ਕੀਤੀਆਂ ਗਈਆਂ।

(i) 72ਵਾਂ ਦੌਰ ਦੀ ਆਲ ਇੰਡੀਆ ਟ੍ਰੇਨਿੰਗ ਆਫ ਟ੍ਰੇਨਰਜ ਦੀ ਟ੍ਰੇਨਿੰਗ ਵਰਕਸ਼ਾਪ ਅੰਮ੍ਰਿਤਸਰ ਵਿਖੇ ਮਿਤੀ 3-4 ਅਪਰੈਲ,2014 ਤੱਕ।

(ii) ਜਾਇੰਟ ਰੀਜਨਲ ਟ੍ਰੇਨਿੰਗ ਵਰਕਸ਼ਾਪ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਵਿਖੇ ਮਿਤੀ 16.6.14 ਤੋਂ 18.6.14 ਤੱਕ ।

(iii) ਰੀਜਨਲ ਰੀਵਿਊ ਟ੍ਰੇਨਿੰਗ ਕੈਂਪ ਜਲੰਧਰ ਵਿਖੇ ਮਿਤੀ 18.6.2014 ਤੋਂ 20.6.2014

(iv) ਰੀਜਨਲ ਰੀਵਿਊ ਟ੍ਰੇਨਿੰਗ ਕੈਂਪ ਮੋਹਾਲੀ ਵਿਖੇ ਮਿਤੀ 8.8.2014

(v) ਰਨਸ ਦੇ 66ਵੇਂ ਦੌਰ ਲਈ ਐਨ.ਐਸ.ਐਸ.ਓ.ਭਾਰਤ ਸਰਕਾਰ ਦੀ ਸਰਪਰਸਤੀ ਹੇਠ ਉੱਤਰੀ ਰਾਜਾਂ ਦੀ ਅਗਸਤ,2014 ਦੌਰਾਨ ਵਰਕਸ਼ਾਪ ਸੈਂਟਰਲ ਅਤੇ ਸਟੇਟ ਸੈਂਪਲਜ਼ ਦੀ ਡਾਟਾ ਪੂਲਿੰਗ ਲਈ ਮਾਊਂਟਵਿਊ ਹੋਟਲ, ਚੰਡੀਗੜ੍ਹ ਵਿਖੇ ਆਯੋਜਿਤ ਕਰਵਾਈ ਗਈ। ਰਨਸ (ਕੇਂਦਰ ਸਰਕਾਰ) ਦੀਆਂ ਹਦਾਇਤਾਂ ਅਨੁਸਾਰ ਡੀ.ਈ.ਐਸ.ਪੰਜਾਬ ਵਲੋਂ 66ਵੇਂ ਦੌਰ ਦੇ ਸ਼ਡੂਲ 1.0 ਹਾਊਸਹੋਲਡ ਕੰਜ਼ੂਮਰ ਐਕਸਪੈਂਡੀਚਰ ਅਤੇ ਸ਼ਡੂਲ 10 ਇੰਪਲਾਈਮੈਂਟ ਅਤੇ ਅਨ-ਇੰਪਲਾਈਮੈਂਟ ਦੀ ਸੈਂਟਰਲ ਅਤੇ ਸਟੇਟ ਸੈਂਪਲਜ ਡਾਟਾ ਦੀ ਪੂਲਿੰਗ ਸਬੰਧੀ ਵਿਚਾਰ ਵਟਾਂਦਰਾ ਹੋਇਆ। 66ਵਾਂ ਦੌਰ ਦੀ ਡਾਟਾ ਪੂਲਿੰਗ ਦੀ ਡਰਾਫਟ ਰਿਪੋਟ ਸ੍ਰੀ ਪੀ.ਸੀ. ਸਰਕਰ, ਡੀਡੀਜੀ, ਐਨ.ਐਸ.ਐਸ.ਓ., ਕਲਕੱਤਾ ਨੂੰ ਭੇਜੀ ਗਈ।

### ਜੁਆਇੰਟ ਇੰਸਪੈਕਸ਼ਨ

ਰਾਸ਼ਟਰੀ ਨਮੂਨਾ ਸਰਵੇਖਣ ਦੇ 72ਵੇਂ ਦੌਰ ਲਈ ਐਨ.ਐਸ.ਐਸ.ਓ. ਰੀਜਨਲ ਆਫਿਸ ਮੋਹਾਲੀ ਅਤੇ ਡੀ.ਈ.ਐਸ. ਪੰਜਾਬ ਦੇ ਅਫਸਰਾਂ ਵਲੋਂ ਦੂਜੇ ਸਬ ਦੌਰ ਦੇ 30889 ਸੈਂਪਲ ( ਪੇਂਡੂ ਅਤੇ ਸ਼ਹਿਰੀ) ਪਿੰਡ ਬਠੋਨੀਆਂ ਖੁਰਦ ਅਤੇ ਰਾਜਪੁਰਾ ਟਾਊਨ ਵਿਖੇ ਮਿਤੀ 14.11.2014 ਨੂੰ ਜੁਆਇੰਟ ਇੰਸਪੈਕਸਨ ਕੀਤੀ ਗਈ।

## 11. ਟੈਬੂਲੇਸ਼ਨ

ਟੈਬੂਲੇਸ਼ਨ ਸ਼ਾਖਾ ਦਾ ਮੁੱਖ ਕੰਮ ਰਾਸ਼ਟਰੀ ਨਮੂਨਾ ਸਰਵੇਖਣ(ਸਟੇਟ ਸੈਂਪਲ) ਦੀ ਖੇਤਰ ਵਿਚੋਂ ਇਕੱਤਰ ਕੀਤੀ ਸੂਚਨਾਂ ਨੂੰ ਸੰਕਲਨ ਕਰਕੇ ਉਸ ਦੇ ਆਧਾਰ ਤੇ ਵੱਖ ਵੱਖ ਸਾਰਣੀਆਂ ਤਿਆਰ ਕਰਨਾ ਹੈ। ਡੈਟਾ ਪ੍ਰੋਸੈਸਿੰਗ/ਟੈਬੂਲੇਸ਼ਨ ਦਾ ਕੰਮ ਰਾਸ਼ਟਰੀ ਨਮੂਨਾ ਸਰਵੇਖਣ ਸੰਗਠਨ(ਐਨ.ਐਸ.ਐਸ.ਓ.) ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਦਿੱਤੀ ਗਈ ਵਿਧੀ ਅਤੇ ਟੈਬੂਲੇਸ਼ਨ ਪਲਾਨ ਅਨੁਸਾਰ ਤਿਆਰ ਕੀਤਾ ਜਾਂਦਾ ਹੈ।

ਸਾਲ 2014-15 ਦੌਰਾਨ ਕੀਤਾ ਕੰਮ:-

1. 67ਵੇਂ ਦੌਰ ਦੇ 416 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ।
2. 68ਵੇਂ ਦੌਰ ਦੇ 392 ਸੈਂਪਲਾਂ ਵਿਚੋਂ 192 ਸੈਂਪਲਾਂ ਦੀ ਡਾਟਾ ਐਂਟਰੀ ਅਤੇ ਵੈਲੀਡੇਸ਼ਨ ਕੀਤੀ ਗਈ।
3. 66ਵੇਂ ਦੌਰ ਲਈ ਕੰਜਿਊਮਰ ਐਕਸਪੈਂਡੀਚਰ ਰੋਜ਼ਗਾਰ ਅਤੇ ਬੇਰੋਜ਼ਗਾਰ ਸਬੰਧੀ ਰਿਪੋਰਟ ਤਿਆਰ ਕੀਤੀ ਗਈ ਅਤੇ ਐਨ.ਐਸ.ਐਸ.ਓ.ਕਲਕੱਤਾ ਭੇਜੀ ਗਈ।
4. 72ਵੇਂ ਦੌਰ ਦੀ ਡੈਟਾ ਪ੍ਰੋਸੈਸਿੰਗ ਸਬੰਧੀ ਦਿੱਲੀ ਵਿਖੇ ਮਿਤੀ 29-10-2014 ਤੋਂ 30-10-2014 ਤੱਕ ਹੋਈ ਟਰੇਨਿੰਗ ਵਰਕਸ਼ਾਪ ਡਾਇਰੈਕਟਰ, ਡਿਪਟੀ ਈ.ਐਸ ਏ.ਅਤੇ ਦੋ ਹੋਰ ਕਰਮਚਾਰੀਆਂ ਵਲੋਂ ਅਟੈਂਡ ਕੀਤੀ ਗਈ ।
5. ਐਨ.ਐਸ.ਐਸ. ਸ਼ਾਖਾ ਦੇ ਉਪ ਅਰਥ ਅਤੇ ਅੰਕੜਾ ਸਲਾਹਕਾਰ ਅਤੇ ਅੰਕੜਾ ਸਹਾਇਕ ਵਲੋਂ ਮਿਤੀ 10 ਅਤੇ 11 ਨਵੰਬਰ,2014 ਨੂੰ ਟੈਬੂਲੇਸ਼ਨ ਤੇ ਇੱਕ ਵਰਕਸ਼ਾਪ ਕਲਕੱਤਾ ਵਿਖੇ ਅਟੈਂਡ ਕੀਤੀ ਗਈ।

## 12. ਆਰਥਿਕ ਗਣਨਾ

ਛੇਵੀਂ ਆਰਥਿਕ ਗਣਨਾ 2012-13 ਕੇਂਦਰੀ ਅੰਕੜਾ ਸੰਗਠਨ, ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲਾ ਭਾਰਤ ਸਰਕਾਰ ਵਲੋਂ ਪੰਜਾਬ ਸਮੇਤ ਸਾਰੇ ਦੇਸ਼ ਵਿੱਚ ਕਰਵਾਈ ਜਾ ਰਹੀ ਹੈ । ਇਹ 100 ਪ੍ਰਤੀਸ਼ਤ ਕੇਂਦਰੀ ਸਪਾਂਸਰਡ ਸਕੀਮ ਹੈ । ਅਰਥ ਅਤੇ ਅੰਕੜਾ ਸੰਗਠਨ, ਪੰਜਾਬ, ਯੋਜਨਾਬੰਦੀ ਵਿਭਾਗ ਰਾਜ ਵਿੱਚ ਸਕੀਮ ਲਾਗੂ ਕਰਨ ਲਈ ਨੋਡਲ ਏਜੰਸੀ ਹੈ ।

ਸਾਲ 2014-15 ਦੌਰਾਨ ਕੀਤਾ ਕੰਮ:-

1. ਸ਼ਡਿਊਲ 6 ਏ ਦੀ ਸਕੈਨਿੰਗ ਫਰੀਦਾਬਾਦ ਸਕੈਨਿੰਗ ਸੈਂਟਰ ਵਿਖੇ ਕੀਤੀ ਗਈ ਅਤੇ ਜਿਲ੍ਹਾ ਪੱਧਰ ਤੇ ਦਰੁਸਤੀਆਂ ਕੀਤੀਆਂ ਗਈਆਂ ਅਤੇ ਮੁੱਖ ਦਫਤਰ, ਚੰਡੀਗੜ੍ਹ ਦੇ ਅਧਿਕਾਰੀਆਂ/ਕਰਮਚਾਰੀਆਂ ਵਲੋਂ ਚੈਕਿੰਗ ਦਾ ਕੰਮ ਕੀਤਾ ਗਿਆ ।
2. ਸ਼ਡਿਊਲ 6 ਬੀ ਅਤੇ 6 ਸੀ ਦੀ ਡਾਟਾ ਐਂਟਰੀ ਦਾ ਕੰਮ ਸਾਰੇ ਜਿਲ੍ਹਿਆਂ ਵਿੱਚ ਮੁਕੰਮਲ ਹੋ ਗਿਆ ਹੈ ਅਤੇ ਮੁੱਖ ਦਫ਼ਤਰ, ਚੰਡੀਗੜ੍ਹ ਵਿਖੇ ਚੈਕ ਹੋਣ ਉਪਰੰਤ ਸੀ.ਐਸ.ਓ. ਨਵੀਂ ਦਿੱਲੀ ਭੇਜਿਆ ਗਿਆ।
3. ਜ਼ਿਲ੍ਹਿਆਂ ਤੋਂ ਪ੍ਰਾਪਤ ਸ਼ਡਿਊਲ 6 ਬੀ ਅਣ ਅੰਤਿਮ ਨਤੀਜੇ ਤਿਆਰ ਕਰਕੇ ਛੇਵੀਂ ਆਰਥਿਕ ਗਣਨਾ ਦੀ ਰਿਪੋਟ ਤਿਆਰ ਕੀਤੀ ਗਈ ਅਤੇ ਮਿਤੀ 25.8.2014 ਨੂੰ ਵਿੱਤ ਮੰਤਰੀ ਵਲੋਂ ਭਾਰਤ ਦੇ ਸਾਰੇ ਰਾਜਾ ਵਿਚੋਂ ਪਹਿਲਾਂ ਰੀਲੀਜ਼ ਕੀਤੀ ਗਈ।

## 13. 20 ਨੁਕਾਤੀ ਪ੍ਰੋਗਰਾਮ

20 ਨੁਕਾਤੀ ਪ੍ਰੋਗਰਾਮ 1 ਅਪ੍ਰੈਲ, 2007 ਤੋਂ ਹੋਂਦ ਵਿੱਚ ਆਇਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਦਿਹਾਤੀ ਖੇਤਰ ਵਿੱਚ ਗਰੀਬੀ ਨਿਵਾਰਨ, ਰੋਜ਼ਗਾਰ ਦੇ ਮੌਕੇ ਪੈਦਾ ਕਰਨਾ, ਘਰਾਂ, ਸਿੱਖਿਆ, ਪਰਿਵਾਰ ਭਲਾਈ ਅਤੇ ਸਿਹਤ, ਵਾਤਾਵਰਨ ਦੀ ਸੰਭਾਲ ਅਤੇ ਦੂਜੀਆਂ ਸਕੀਮਾਂ ਜਿਹੜੀਆਂ ਕਿ ਰਹਿਣ ਸਹਿਣ ਤੇ ਪੱਧਰ ਨੂੰ ਉੱਚਾ ਚੁੱਕਣ ਨੂੰ ਲਾਗੂ ਕਰਨਾ ਹੈ। ਇਸ ਪ੍ਰੋਗਰਾਮ ਤਹਿਤ ਸਾਲਾਨਾ 65 ਆਈਟਮਾਂ ਦੀ ਮੋਨੀਟਰਿੰਗ ਕੀਤੀ ਜਾਂਦੀ ਹੈ ਜਿਸ ਵਿਚੋਂ ਕਿ ਮਹੀਨਾਵਾਰ 20 ਆਈਟਮਾਂ ਦੀ ਮੋਨੀਟਰਿੰਗ ਕੀਤੀ ਜਾਂਦੀ ਹੈ।

ਰਾਜ ਵਿੱਚ ਵੱਖ ਵੱਖ ਵਿਭਾਗਾਂ ਵਲੋਂ ਚਲਾਈਆਂ ਗਈਆਂ ਸਕੀਮਾਂ ਦੀ ਭੌਤਿਕ ਅਤੇ ਵਿੱਤੀ ਸੂਚਨਾ ਇਕੱਠੀ ਕਰਨ ਉਪਰੰਤ ਸਕਰੂਟਨੀ ਕਰਕੇ ਹਰ ਮਹੀਨੇ ਮਨਿਸਟਰੀ ਆਫ ਸਟੈਟਿਸਟਿਕਸ ਅਤੇ ਪ੍ਰੋਗਰਾਮ ਇੰਮਪਲੀਮੈਨਟੇਸਨ, ਭਾਰਤ ਸਰਕਾਰ ਨੂੰ ਭੇਜੀ ਜਾਂਦੀ ਹੈ। ਵਿੱਤੀ ਅਤੇ ਭੌਤਿਕ ਸੂਚਨਾ ਟੀ.ਪੀ.ਪੀ.-06 ਤਿਆਰ ਕੀਤੀ ਜਾਂਦੀ ਹੈ ਅਤੇ ਵਿਭਾਗ ਦੀ ਵੈਬਸਾਈਟ ਤੇ ਪਲੇਸ ਕੀਤੀ ਜਾਂਦੀ ਹੈ। ਇਸ ਪ੍ਰੋਗਰਾਮ ਨੂੰ ਹੋਰ ਪ੍ਰਭਾਵਸਾਲੀ ਤਰੀਕੇ ਨਾਲ ਲਾਗੂ ਕਰਨ ਲਈ ਰਾਜ ਪੱਧਰ, ਜਿਲ੍ਹਾ ਪੱਧਰ ਅਤੇ ਬਲਾਕ ਪੱਧਰ ਉਤੇ ਪਹਿਲਾਂ ਹੀ ਮੋਨੀਟ੍ਰਿੰਗ ਕਮੇਟੀਆਂ ਬਣਾਈਆਂ ਜਾ ਚੁੱਕੀਆਂ ਹਨ ।

ਸਾਲ 2014-15 ਦੌਰਾਨ ਕੀਤਾ ਕੰਮ :-

1. 20-ਨੁਕਾਤੀ ਪ੍ਰੋਗਰਾਮ-2006 ਲਈ ਆਰਥਿਕ ਸਲਾਹਕਾਰ ਜੀ ਦੀ ਰਾਜ ਦੇ ਵੱਖ-ਵੱਖ ਵਿਭਾਗਾਂ ਨਾਲ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਵਿੱਚ 20-ਨੁਕਾਤੀ ਪ੍ਰੋਗਰਾਮ ਅਧੀਨ ਸਕੀਮਾਂ ਸਬੰਧੀ ਘੱਟ ਪ੍ਰਗਤੀ ਬਾਰੇ ਡਿਸਕੱਸ ਕੀਤਾ ਗਿਆ ਅਤੇ ਸਬੰਧਤ ਅਧਿਕਾਰੀਆਂ ਨੂੰ ਇਨ੍ਹਾਂ ਸਕੀਮਾਂ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਬਾਰੇ ਹਦਾਇਤਾਂ ਜਾਰੀ ਕੀਤੀਆਂ ਗਈਆਂ ।
2. 20-ਨੁਕਾਤੀ ਪ੍ਰੋਗਰਾਮ -2006 ਅਧੀਨ ਕਵਰ ਹੁੰਦੀਆਂ ਸਕੀਮਾਂ ਦੀ ਮੋਨੀਟਰਿੰਗ ਕਰਨ ਵਾਸਤੇ ਭਾਰਤ ਸਰਕਾਰ ਦੀਆਂ ਤਾਜਾ ਹਦਾਇਤਾਂ ਮੁਤਾਬਿਕ ਰਾਜ ਪੱਧਰ, ਜ਼ਿਲ੍ਹਾ ਪੱਧਰ ਅਤੇ ਬਲਾਕ ਪੱਧਰ ਤੇ ਮੋਨੀਟਰਿੰਗ ਕਮੇਟੀਆਂ ਨੂੰ ਮੁੜ ਗਠਿਤ ਕਰਨ ਸਬੰਧੀ ਕਾਰਵਾਈ ਰਾਜ ਸਰਕਾਰ ਅਧੀਨ ਚਲ ਰਹੀ ਹੈ।
3. ਮਾਨਯੋਗ ਵਿੱਤ, ਯੋਜਨਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰੀ ਦੀ ਪ੍ਰਧਾਨਗੀ ਹੇਠ 20-ਨੁਕਾਤੀ ਪ੍ਰੋਗਰਾਮ-2006 ਅਧੀਨ ਕਵਰ ਹੁੰਦੀਆਂ ਵੱਖ ਵੱਖ ਸਕੀਮਾਂ ਸਬੰਧੀ ਮਿਤੀ 16.12.2014 ਨੂੰ ਰਾਜ ਸਲਾਹਕਾਰ ਕਮੇਟੀ ਦੀ ਮੀਟਿੰਗ ਕਰਵਾਈ ਗਈ।
4. ਮਹੀਨਾਵਾਰ/ਤਿਮਾਹੀਵਾਰ ਪ੍ਰਗਤੀ ਰਿਪੋਟ ਦਸੰਬਰ,2014 ਵੱਖ ਵੱਖ ਵਿਭਾਗਾਂ ਤੋਂ ਇਕੱਤਰ ਕਰਕੇ ਸਕਰੂਟਨੀ ਕਰਨ ਉਪਰੰਤ ਸੰਕਲਿਤ ਕਰਕੇ ਮਨਿਸਟਰੀ ਆਫ ਸਟੇਟਿਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਨਟੇਸ਼ਨ,ਭਾਰਤ ਸਰਕਾਰ ਨੂੰ ਭੇਜੀ ਗਈ ।
5. 20 ਨੁਕਾਤੀ ਪ੍ਰੋਗਰਾਮ 2006 ਅਧੀਨ ਸਾਲ 2014-15 (ਅਪ੍ਰੈਲ ਤੋ ਦਸੰਬਰ,2014) ਲਈ ਵਿੱਤੀ / ਭੌਤਿਕ ਟੀਚੇ ਅਤੇ ਪ੍ਰਾਪਤੀਆਂ ਦੀ ਮਹੀਨਾਵਾਰ/ਤਿਮਾਹੀਵਾਰ ਸਟੇਟਮੈਂਟ ਤਿਆਰ ਕਰਕੇ ਵਿਭਾਗੀ ਵੈਬਸਾਈਟ ਤੇ ਪਲੇਸ ਕੀਤੀ ਗਈ।

## 14. ਮੈਂਬਰ ਆਫ਼ ਪਾਰਲੀਮੈਂਟ ਲੋਕਲ ਏਰੀਆ ਡਿਵੈਲਪਮੈਂਟ ਸਕੀਮ (ਐਮ.ਪੀ.ਲੈਂਡਜ਼)

ਇਸ ਸਕੀਮ ਤਹਿਤ ਹਰ ਇੱਕ ਸੰਸਦ ਨੂੰ ਹਰ ਸਾਲ 5.00 ਕਰੋੜ ਰੁਪਏ ਦਿੱਤੇ ਜਾਂਦੇ ਹਨ ਜਿਹੜੇ ਕਿ ਸੰਸਦਾਂ ਦੀ ਸਿਫਾਰਿਸ ਤੇ ਰਿਲੀਜ ਕੀਤੇ ਜਾਂਦੇ ਹਨ ਅਤੇ ਜਿਲ੍ਹਿਆਂ ਦੇ ਡਿਪਟੀ ਕਮਿਸਨਰਾਂ ਦੀ ਦੇਖ ਰੇਖ ਵਿੱਚ ਵਿਕਾਸ ਕੰਮਾਂ ਤੇ ਖਰਚ ਕੀਤੇ ਜਾਂਦੇ ਹਨ। ਅਰਥ ਅਤੇ ਅੰਕੜਾ ਸੰਗਠਨ, ਪੰਜਾਬ ਇਸ ਸਕੀਮ ਅਧੀਨ ਨੋਡਲ ਵਿਭਾਗ ਦੇ ਤੌਰ ਤੇ ਜ਼ਿਲ੍ਹਾ ਪੱਧਰ ਤੇ ਡਿਪਟੀ ਕਮਿਸ਼ਨਰ ਅਤੇ ਮਨਿਸਟਰੀ ਆਫ ਸਟੈਟਿਸਟਿਕਸ ਅਤੇ ਪ੍ਰੋਗਰਾਮ ਇੰਪਲੀਮੈਂਟੇਸ਼ਨ ਭਾਰਤ ਸਰਕਾਰ ਨਾਲ ਸੰਪਰਕ ਬਣਾਈ ਰੱਖਦਾ ਹੈ।

ਸਾਲ 2014-15 ਦੌਰਾਨ ਕੀਤਾ ਕੰਮ :-

1. ਪੈਡਿੰਗ **ਕਿਸ਼ਤਾਂ ਰਲੀਜ਼ ਕਰਵਾਉਣ ਸਬੰਧੀ** : ਸਾਲ **2014-15** ਦੌਰਾਨ ਕੁੱਲ 32 ਕਿਸ਼ਤਾਂ ( 4 ਕਿਸ਼ਤਾਂ 15ਵੀਂ ਲੋਕ ਸਭਾ ਲਈ 18 ਕਿਸ਼ਤਾਂ 16ਵੀਂ ਲੋਕ ਸਭਾ ਮੈਂਬਰਾਂ ਲਈ ਅਤੇ 10 ਕਿਸ਼ਤਾਂ ਸੱਤ ਰਾਜ ਸਭਾ ਮੈਂਬਰਾਂ ਲਈ) ਕੁੱਲ 80.00 ਕਰੋੜ ਰੁਪਏ ਦੀ ਰਾਸ਼ੀ ਮੈਂਬਰਾਂ ਲਈ ਭਾਰਤ ਸਰਕਾਰ ਤੋ ਜਾਰੀ ਕਰਵਾਈ ਗਈ ।
2. **ਮਹੀਨਾਵਾਰ ਪ੍ਰਗਤੀ ਰਿਪੋਰਟ** : ਰਾਜ ਵਿੱਚ ਐਮ.ਪੀ.ਲੈਡ ਸਕੀਮ ਤਹਿਤ ਭੌਤਿਕ ਅਤੇ ਵਿੱਤੀ ਪ੍ਰਗਤੀ ਸਬੰਧੀ ਮਹੀਨਾਵਾਰ ਪ੍ਰਗਤੀ ਰਿਪੋਰਟਾਂ ਸਮੂਹ ਨੋਡਲ ਜਿਲ੍ਹਿਆਂ ਤੋ ਇੱਕਤਰ ਕਰਕੇ ਕੰਪਾਈਲ ਕਰਨ ਉਪਰੰਤ ਵੈਬ ਸਾਈਟ ਤੇ ਅਪਲੋਡ ਕੀਤੀਆਂ ਗਈਆਂ ।
3. **ਸਾਫਟਵੇਅਰ ਤੇ ਕੰਮ** : ਮਿਤੀ 31-3-2015 ਤੱਕ 96.37% ਕੰਮ ਵੈਬ ਸਾਈਟ ਤੇ ਅਪਲੋਡ ਕੀਤੇ ।
4. ਮੀਟਿੰਗਾਂ :-
   (i) ਮਿਤੀ 22-03-2015 ਨੂੰ ਨਵੀਂ ਦਿੱਲੀ ਵਿਖੇ ਹੋਈ ਰੀਵਿਊ ਮੀਟਿੰਗ ਲਈ ਪੈਰਾਵਾਈਜ ਏਜੰਡਾ ਨੋਟ ਤਿਆਰ ਕੀਤਾ ਗਿਆ ।
   (ii) ਐਮ. ਪੀ. ਲੈਡਜ ਸਕੀਮ ਅਧੀਨ ਚਾਰ ਰੀਵਿਊ ਮੀਟਿੰਗਾਂ ਜਿਨ੍ਹਾਂ ਵਿੱਚੋ ਇੱਕ ਮੀਟਿੰਗ ਸਕੱਤਰ ਯੋਜਨਾ ਜੀ ਦੀ ਪ੍ਰਧਾਨਗੀ ਹੇਠ ਅਤੇ ਤਿੰਨ ਮੀਟਿੰਗਾਂ ਆਰਥਿਕ ਸਲਾਹਕਾਰ ਜੀ ਦੀ ਪ੍ਰਧਾਨਗੀ ਹੇਠ ਕਰਵਾਈਆਂ ਗਈਆਂ ।

## 15. ਹੋਰ ਕੰਮ

1. **13ਵੇਂ ਵਿੱਤ ਕਮਿਸਨ ਦੀ ਗਰਾਂਟ :**

13 ਵੇਂ ਵਿੱਤ ਕਮਿਸਨ ਨੇ ਰਾਜ ਅਤੇ ਜਿਲ੍ਹਾ ਪੱਧਰ ਤੇ ਅੰਕੜਾਤਮਕ ਢਾਂਚੇ ਦੇ ਸੁਧਾਰ ਲਈ 20.00 ਕਰੋੜ ਰੁਪਏ ਦੀ ਗਰਾਂਟ ਦੀ ਸਿਫਾਰਸ ਕੀਤੀ ਹੈ।ਇਸ ਗਰਾਂਟ ਅਧੀਨ ਹੇਠ ਲਿਖੇ 5 ਮਾਈਲਸਟੋਨਜ ਨਿਰਧਾਰਤ ਕੀਤੇ ਗਏ ਹਨ ਜੋ ਕਿ ਗਰਾਂਟ ਪੀਰੀਅਡ 2010-15 ਦੌਰਾਨ ਪ੍ਰਾਪਤ ਕਰਨੇ ਹਨ:-

ੳ) ਬਿਜਨਸ ਰਜਿਸਟਰ ਤਿਆਰ ਅਤੇ ਮੇਨਟੇਨ ਕਰਨਾ ।
ਅ) ਜਿਲ੍ਹਿਆਂ ਅਤੇ ਰਾਜ ਹੈਡ ਕੁਆਟਰ ਵਿਚਾਲੇ ਨੈਟਵਰਕ ਕੁਨੈਕਟੀਵਿਟੀ ਪ੍ਰਦਾਨ ਕਰਨਾ ।
ੲ) ਸਥਾਨਕ ਸੰਸਥਾਵਾਂ ਦੇ ਲੇਖੇ ਤਿਆਰ ਕਰਨਾ ।
ਸ) ਖੇਤੀਬਾੜੀ ਗਤੀਵਿਧੀਆਂ ਸਬੰਧੀ ਡੈਟਾ ਇੱਕਤਰ ਕਰਨਾ ।
ਹ) ਕੇਦਂਰੀ ਅਤੇ ਰਾਜ ਦੇ ਨਮੂਨਾ ਸਰਵੇਖਣ ਡੈਟੇ ਦੀ ਪੂਲਿੰਗ ਕਰਨਾ ।

ਸਾਲ 2014-15 ਦੌਰਾਨ ਕੀਤਾ ਕੰਮ :-

ਇਸ ਗਰਾਂਟ ਅਧੀਨ ਸਾਲ 2014-15 ਦੇ ਅੰਤ ਤੱਕ ਸਾਰੀਆਂ ਕਿਸ਼ਤਾਂ ਅਧੀਨ ਕੇਂਦਰ ਸਰਕਾਰ ਤੋਂ ਕੁੱਲ 20.00 ਕਰੋੜ ਰੁਪਏ ਦੀ ਰਾਸ਼ੀ ਪ੍ਰਾਪਤ ਹੋਈ। ਇਸ ਵਿਚੋਂ ਮਿਤੀ 31.3.2015 ਤੱਕ 1468.15 ਲੱਖ ਰੁਪਏ ਦੀ ਰਾਸ਼ੀ ਖਰਚ ਕੀਤੀ ਗਈ। ਜਿਸ ਵਿਚੋਂ 940.29 ਲੱਖ ਰੁਪੈ ਦੀ ਰਾਸ਼ੀ ਸਾਲ 2014-15 ਦੌਰਾਨ ਖਰਚ ਕੀਤੀ ਗਈ। ਇਸ ਗਰਾਂਟ ਦੇ ਨਿਰਧਾਰਤ ਮਾਈਲਸਟੋਨਜ਼ ਅਧੀਨ ਭੌਤਿਕ ਪ੍ਰਗਤੀ ਵੀ ਸਾਲ ਦੌਰਾਨ ਪ੍ਰਾਪਤ ਕੀਤੀ ਗਈ।

ੳ) **ਬਿਜਨਸ ਰਜਿਸਟਰ**

ਨਿਰਧਾਰਿਤ ਸੱਤ(7) ਐਕਟ/ਅਧਾਰਟੀਆਂ ਅਧੀਨ ਰਜਿਸਟਰਡ ਹੋਏ ਅਦਾਰਿਆਂ ਦਾ ਬਿਜਨਸ ਰਜਿਸਟਰ ਤਿਆਰ ਕੀਤਾ ਜਾਣਾ ਸੀ। ਇਹ ਬਿਜਨਸ ਰਜਿਸਟਰ ਤਿਆਰ ਕਰਨ ਉਪਰੰਤ ਚੈਕ ਕੀਤਾ ਜਾ ਰਿਹਾ ਹੈ।

ਅ) **ਨੈਟਵਰਕ ਕੁਨੈਕਟੀਵਿਟੀ**

- ਮੁੱਖ ਦਫ਼ਤਰ ਅਤੇ ਸਮੂਹ ਜ਼ਿਲ੍ਹਾ ਅੰਕੜਾ ਦਫ਼ਤਰਾਂ ਵਿਚ ਲੋਕਲ ਏਰੀਆ ਨੈਟਵਰਕ ਦੀ ਸਥਾਪਨਾ ਕੀਤੀ ਗਈ।
- 9 ਜ਼ਿਲ੍ਹਾ ਅੰਕੜਾ ਦਫ਼ਤਰਾਂ ਵਿਚ ਵਾਈਡ ਏਰੀਆ ਨੈਟਵਰਕ ਲਗਾਏ ਗਏ ਅਤੇ ਰਹਿੰਦੇ ਜ਼ਿਲ੍ਹਾ ਅੰਕੜਾ ਦਫ਼ਤਰਾਂ ਅਤੇ ਰਾਜ ਦੇ ਮੁੱਖ ਦਫ਼ਤਰ ਅਰਥ ਅਤੇ ਅੰਕੜਾ ਸੰਗਠਨ ਵਿਚ ਵੀ ਇਸ ਦੀ ਸਥਾਪਨਾ ਕੀਤੀ ਜਾਵੇਗੀ।
- ਮੁੱਖ ਦਫ਼ਤਰ ਅਤੇ ਸਮੂਹ ਜਿਲ੍ਹਾ ਅੰਕੜਾ ਦਫ਼ਤਰਾਂ ਵਿਚ 114 ਕੰਪਿਊਟਰ ਅਤੇ ਸਬੰਧਤ ਹਾਰਡਵੇਅਰ ਮੁਹੱਈਆ ਕਰਵਾਏ ਗਏ।

ੲ) **ਲੋਕਲ ਬਾਡੀਜ**

ਲੋਕਲ ਬਾਡੀਜ਼ ਅਕਾਉਂਟ ਸਾਲ 2012-13 ਅਤੇ 2013-14 ਸਹਿਰੀ ਖੇਤਰ ਲਈ ਤਿਆਰ ਕੀਤੀ ਗਏ। ਸਮੂਹ ਜ਼ਿਲ੍ਹਿਆਂ ਤੋਂ ਸਾਲ 2012-13 ਅਤੇ 2013-14 ਦੇ ਪੇਂਡੂ ਖੇਤਰ ਦੀ ਸੂਚਨਾਂ ਪ੍ਰਾਪਤ ਹੋ ਚੁੱਕੀ ਹੈ ਅਤੇ ਕੰਪਾਇਲ ਕੀਤੀ ਜਾ ਰਹੀ ਹੈ।

ਸ) **ਖੇਤੀਬਾੜੀ ਗਤੀਵਿਧੀਆਂ**

i) 13ਵੇਂ ਵਿੱਤ ਕਮਿਸਨ ਦੀ ਗਰਾਂਟ ਅਧੀਨ ਨਿਰਧਾਰਤ ਛੋਟੀਆਂ ਫਸਲਾਂ ਦੀ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ।

ii) ਮੁੱਖ ਫਸਲਾਂ ਦੀ ਕਾਸਟ ਕਲਟੀਵੇਸਨ ਸਟੱਡੀ ਕਰਵਾਉਣ ਲਈ ਕੰਮ ਸ਼ੁਰੂ ਕੀਤਾ ਗਿਆ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਨਾਲ ਐਮ.ਓ.ਯੂ. ਦਸਤਖਤ ਕੀਤਾ ਗਿਆ। ਕਾਸਟ ਆਫ ਕਲਟੀਵੇਸ਼ਨ ਸਟੱਡੀ ਦੀ ਨਿਗਰਾਨੀ ਕਰਨ ਲਈ ਇੱਕ ਮੋਨੀਟਰਿੰਗ ਕਮੇਟੀ ਬਣਾਈ ਗਈ। ਸ਼੍ਰੀ ਜੀ.ਐਸ.ਕਲਕੱਟ ਜੀ ਦੀ ਪ੍ਰਧਾਨਗੀ ਹੇਠ ਮਿਤੀ 26.11.2014 ਨੂੰ ਇੱਕ ਮੀਟਿੰਗ ਕਰਵਾਈ ਗਈ।

ਹ) ਪੂਲਿੰਗ ਆਫ ਡਾਟਾ

ਰਾਸਟਰੀ ਨਮੂਨਾ ਸਰਵੇਖਣ ਦੇ 66ਵੇਂ ਦੌਰ ਦੀ ਸੈਂਟਰਲ ਅਤੇ ਸਟੇਟ ਸੈਂਪਲਜ ਦੀ ਡਾਟਾ ਪੂਲਿੰਗ ਪੂਰੀ ਹੋ ਚੁੱਕੀ ਹੈ ਅਤੇ ਰਿਪੋਟ ਐਨ.ਐਸ.ਐਸ. ਓ ਕਲਕੱਤਾ ਨੂੰ ਭੇਜੀ ਜਾ ਚੁੱਕੀ ਹੈ।

## ਜ਼ਿਲ੍ਹਾ ਅੰਕੜਾ ਦਫਤਰ

ਜ਼ਿਲ੍ਹਾ ਅੰਕੜਾ ਦਫਤਰਾਂ ਦਾ ਕੰਮ ਉਪ ਅਰਥ ਅਤੇ ਅੰਕੜਾ ਸਲਾਹਕਾਰ ਦੀ ਦੇਖ ਰੇਖ ਅਧੀਨ ਹੁੰਦਾ ਹੈ। ਇਹ ਦਫਤਰ ਮੁੱਢਲੇ ਅਤੇ ਸੈਕੰਡਰੀ ਡੈਟੇ ਨੂੰ ਸੰਗ੍ਰਹਿ ਅਤੇ ਸੰਕਲਨ ਕਰਨ ਵਿਚੱ ਮੱਦਦ ਕਰਦੇ ਹਨ। ਇਹ ਦਫਤਰ ਜ਼ਿਲ੍ਹਾ ਪੱਧਰ ਤੋਂ ਅਲੱਗ ਅਲੱਗ ਵਿਭਾਗਾਂ ਦੀਆਂ ਅੰਕੜਾਤਮਿਕ ਗਤੀਵਿਧੀਆਂ ਸਬੰਧੀ ਤਾਲਮੇਲ ਰੱਖਦੇ ਹਨ। ਨਵੇਂ ਢਾਂਚੇ ਅਨੁਸਾਰ ਵਿਕੇਂਦ੍ਰਿਤ ਯੋਜਨਾ ਸ਼ੁਰੂ ਹੋਣ ਕਾਰਨ ਉਪ ਅਰਥ ਅਤੇ ਅੰਕੜਾ ਸਲਾਹਕਾਰ ਕਮ ਵਧੀਕ ਸਕੱਤਰ ਜ਼ਿਲ੍ਹਾ ਯੋਜਨਾ ਅਤੇ ਵਿਕਾਸ ਬੋਰਡਾਂ ਵਿਚੱ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਅਤੇ ਜ਼ਿਲ੍ਹਾ ਯੋਜਨਾ ਸਕੀਮਾਂ ਬਨਾਉਣ, ਲਾਗੂ ਕਰਨ ਅਤੇ ਮੋਨੀਟਰ ਕਰਨ ਵਿਚ ਮੁਕੰਮਲ ਯੋਗਦਾਨ ਪਾਉਂਦੇ ਹਨ ।

ਰਾਜ ਵਿੱਚ ਵਿਭਾਗ ਐਮ.ਪੀ. ਲੈਡਜ ਸਕੀਮ ਲਈ ਨੋਡਲ ਏਜੰਸੀ ਵਜੋਂ ਕੰਮ ਕਰ ਰਿਹਾ ਹੈ ਅਤੇ ਜਿਲ੍ਹਾ ਅੰਕੜਾ ਦਫਤਰ ਜਿਲ੍ਹਾ ਪੱਧਰ ਤੇ ਸਕੀਮ ਦੀ ਸੁਪਰਵੀਜਨ ਅਤੇ ਕੁਆਰਡੀਨੇਸ਼ਨ ਦਾ ਕੰਮ ਕਰਦੇ ਹਨ । ਇਸ ਕੰਮ ਲਈ ਜਿਲ੍ਹਿਆਂ ਵਲੋਂ ਆਪਣੇ ਡਿਪਟੀ ਕਮਿਸ਼ਨਰਾਂ ਨਾਲ ਵੀ ਤਾਲਮੇਲ ਰਖਿਆ ਜਾਂਦਾ ਹੈ ।

## ਸਾਲ 2014-15 ਦੌਰਾਨ ਤਿਆਰ ਕੀਤੀਆਂ ਪ੍ਰਕਾਸ਼ਨਾਂ/ਰਿਪੋਰਟਾਂ ਦੀ ਲਿਸਟ

1. ਪੰਜਾਬ ਦਾ ਅੰਕੜਾ ਸਾਰ - 2013
2. ਪੰਜਾਬ ਦਾ ਅੰਕੜਾ ਸਾਰ -2014
3. ਪੰਜਾਬ ਐਟ ਏ ਗਲਾਂਸ (ਜ਼ਿਲ੍ਹਾਵਾਰ) ਸਾਲ -2013
4. ਪੰਜਾਬ ਦਾ ਆਰਥਿਕ ਸਰਵੇਖਣ ਸਾਲ 2013
5. ਪੰਜਾਬ ਦਾ ਆਰਥਿਕ ਸਰਵੇਖਣ ਸਾਲ 2014
6. ਪਿੰਡਾਂ ਦੀ ਡਾਇਰੈਕਟਰੀ ਸਾਲ 2012-13
7. ਬਲਾਕ ਐਟ ਏ ਗਲਾਂਸ ਸਾਲ 2012-13
8. ਕ੍ਰਿਟੀਕਲ ਇਕਨਾਮਿਕ ਇੰਡੀਕੇਟਰਜ਼ ਪੰਜਾਬ ਬਨਾਮ ਭਾਰਤ 2011-12
9. ਪੰਜਾਬ ਵਿਚੱ ਨਗਰਪਾਲਿਕਾ ਬੱਜਟ ਦੀ ਆਰਥਿਕ ਅਤੇ ਕ੍ਰਿਆਤਮਿਕ ਸ੍ਰੇਣੀ ਵੰਡ 2012-13
10. ਰਾਜ ਵਿੱਤ: ਤੁਲਨਾਤਮਕ ਰੂਪ ਵਿਚੱ ਸਾਲ 2012-13
11. ਪੰਜਾਬ ਸਰਕਾਰ ਦੇ ਬੱਜਟ ਦੀ ਆਰਥਿਕ ਅਤੇ ਪ੍ਰਯੋਜਨ ਸ੍ਰੇਣੀ ਵੰਡ ਸਾਲ 2013-14
12. ਨਗਰ ਪਾਲਿਕਾ ਅੰਕੜਾ ਪੁਸਤਕ ਸਾਲ 2011-12
13. ਪੰਜਾਬ ਦੇ ਘਰੇਲੂ ਰਾਜ ਉਤਪਾਦਨ ਬੈਕ ਸੀਰੀਜ 1999-2000 ਤੋਂ (2004-05 ਕੀਮਤਾਂ ਤੇ)
14. ਘਰੇਲੂ ਰਾਜ ਉਤਪਾਦਨ ਦੇ ਡਿਸਐਗਰੀਗੇਟ ਦੀ ਰਿਪੋਰਟ ( 2004-05 ਤੋਂ 2011-12)

# ਸਟਾਫ ਸਮੱਰਥਾ

**I.** ਮੰਨਜ਼ੂਰਸ਼ੁਦਾ ਅਸਾਮੀਆਂ ਦੀ ਸਮੱਰਥਾ (31.3.2015 ਤੱਕ)

| ਸਟਾਫ ਦੀ ਸ੍ਰੇਣੀ | 2012-13 | 2013-14 | 2014-15) |
|---|---|---|---|
| 1 | 2 | 3 | 4 |
| ਗਰੁੱਪਏ | 93 | 94 | 78 |
| ਗਰੁੱਪਬੀ | 246 | 251 | 267 |
| ਗਰੁੱਪਸੀ | 378 | 380 | 380 |
| ਗਰੁੱਪਡੀ | 102 | 104 | 104 |
| ਜੋੜ | 819 | 829 | 829 |

**II.** ਕੁੱਲ ਭਰੀਆਂ ਅਸਾਮੀਆਂ ਅਤੇ ਅਨੁਸੂਚਿਤ ਜਾਤੀਆਂ/ ਪਛੜੀਆਂ ਸ੍ਰੇਣੀਆਂ ਦੇ ਕਰਮਚਾਰੀ (31.3.2015 ਤੱਕ)

| ਸਟਾਫ ਦੀ ਸ੍ਰੇਣੀ | ਕੁਲ ਭਰੀਆਂ ਅਸਾਮੀਆਂ | ਅਨੁਸੂਚਿਤ ਜਾਤੀਆਂ ਦੇ ਕਰਮਚਾਰੀਆਂ ਦੀ ਗਿਣਤੀ | ਪੱਛੜੀਆਂ ਸ੍ਰੇਣੀਆਂ ਦੇ ਕਰਮਚਾਰੀਆਂ ਦੀ ਗਿਣਤੀ | ਪ੍ਰਤੀਸ਼ਤਤਾ | |
|---|---|---|---|---|---|
| | | | | ਅਨੁਸੂਚਿਤ ਜਾਤੀਆਂ | ਪੱਛੜੀਆਂ ਜਾਤੀਆਂ |
| 1 | 2 | 3 | 4 | 5 | 6 |
| ਗਰੁੱਪਏ | 33 | 9 | 0 | 31।71 | - |
| ਗਰੁੱਪਬੀ | 80 | 22 | 7 | 28।57 | 9।52 |
| ਗਰੁੱਪਸੀ | 175 | 30 | 15 | 18।08 | 9।04 |
| ਗਰੁੱਪਡੀ | 59 | 27 | 6 | 45।76 | 8।47 |
| ਜੋੜ | 347 | 88 | 28 | 26।59 | 8।03 |

## 31.3.2015 ਤੱਕ ਅਸਾਮੀਵਾਰ ਸਟਾਫ ਦਾ ਵੇਰਵਾ

| ਅਸਾਮੀ ਦਾ ਨਾਂ/ਆਹੁੱਦਾ | ਮੰਨਜ਼ੂਰਸੁਦਾ ਅਸਾਮੀਆਂ | | | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|---|
| | ਮੁੱਖ ਦਫਤਰ | ਜ਼ਿਲ੍ਹਾ ਪੱਧਰ | ਕੁੱਲ | | |
| 1 | 2 | 3 | 4 | 5 | 6 |
| ਗਰੁੱਪ ਏ ਅਸਾਮੀਆ | | | | | |
| (i) ਆਰਥਿਕ ਸਲਾਹਕਾਰ | 1 | - | 1 | 1 | - |
| (ii) ਡਾਇਰੈਕਟਰ | 2 | - | 2 | 2 | - |
| (iii) ਮੀਤ ਡਾਇਰੈਕਟਰ | 3 | - | 3 | 3 | - |
| (iv) ਉਪ ਅਰਥ ਅਤੇ ਅੰਕੜਾ ਸਲਾਹਕਾਰ | 5 | 22 | 27 | 12 | 15 |
| (v) ਖੋਜ ਅਫਸਰ | 22 | 22 | 44 | 15 | 29 |
| (vi) ਸੁਪਰਡੰਟ ਗ੍ਰੇਡ-1 | 1 | - | 1 | - | 1 |
| **ਉਪ ਜੋੜ ਗਰੁੱਪ-ਏ ਅਸਾਮੀਆਂ (i-vii)** | **34** | **44** | **78** | **33** | **45** |
| ਗਰੁੱਪਬੀ ਅਸਾਮੀਆਂ | | | | | |
| (i) ਜ਼ਿਲ੍ਹਾ ਅੰਕੜਾ ਅਫ਼ਸਰ | - | 16 | 16 | 3 | 13 |
| (ii) ਸਹਾਇਕ ਖੋਜ ਅਫਸਰ | 58 | 63 | 121 | 16 | 105 |
| (iii) ਸੀਨੀਅਰ ਆਰਟਿਸਟ | 1 | - | 1 | - | 1 |
| (iv) ਡਰਾਫਟਸਮੈਨ | 2 | - | 2 | 2 | - |
| (v) ਸੁਪਰਡੰਟ ਗ੍ਰੇਡ- II | 2 | - | 2 | 2 | - |
| (vi) ਅੰਕੜਾ ਸਹਾਇਕ | 33 | 61 | 94 | 33 | 61 |
| (vii) ਸੀਨੀਅਰ ਸਹਾਇਕ | 13 | 14 | 27 | 21 | 6 |
| (viii) ਸੀਨੀਅਰ ਸਕੇਲ ਸਟੈਨੋਗ੍ਰਾਫਰ | 4 | - | 4 | 3 | 1 |
| **ਉਪ ਜੋੜ ਗਰੁੱਪ-ਬੀ ਅਸਾਮੀਆਂ (i-ix)** | **113** | **154** | **267** | **80** | **187** |
| ਗਰੁੱਪ-ਸੀ ਅਸਾਮੀਆਂ | | | | | |
| (i) ਲਾਇਬ੍ਰੇਰੀਅਨ | 1 | - | 1 | - | 1 |
| (ii) ਜੂਨੀਅਰ ਡਰਾਫਟਸ ਮੈਨ | 1 | - | 1 | - | 1 |
| (iii) ਜੂਨੀਅਰ ਸਕੇਲ ਸਟੈਨੋਗ੍ਰਾਫਰ | 11 | - | 11 | 5 | 6 |
| (iv) ਸਟੈਨੋ ਟਾਈਪਿਸਟ | 23 | 31 | 54 | 11 | 43 |
| (v) ਜੂਨੀਅਰ ਸਹਾਇਕ/ਕਲਰਕ | 16 | 49 | 65 | 49 | 16 |
| (vii) ਇਨਵੈਸਟੀਗੇਟਰ | 54 | 152 | 206 | 92 | 114 |
| (viii) ਡੈਟਾ ਐਂਟਰੀ ਉਪਰੇਟਰ | - | 31 | 31 | 12 | 19 |
| (ix) ਡਰਾਈਵਰ, | 3 | 7 | 10 | 6 | 4 |
| (ix) ਜਿਲਦਸਾਜ | 1 | - | 1 | - | 1 |
| **ਉਪ ਜੋੜ ਗਰੁੱਪ-ਸੀ ਅਸਾਮੀਆਂ (i-ix)** | **110** | **270** | **380** | **175** | **205** |
| ਗਰੁੱਪ-ਡੀ ਅਸਾਮੀਆਂ | | | | | |
| (i) ਜੀ.ਓ | 1 | - | 1 | - | 1 |
| (ii) ਹੈਡ ਸੇਵਾਦਾਰ | 1 | - | 1 | 1 | - |
| (iii) ਦਫਤਰੀ | 1 | - | 1 | 1 | - |
| (iv)ਸੇਵਾਦਾਰ/ ਜਮਾਂਦਾਰ -ਕਮ-ਚੈਕੀਦਾਰ | 43 | 58 | 101 | 57 | 44 |
| **ਉਪ ਜੋੜ ਗਰੁੱਪ- ਡੀ ਅਸਾਮੀਆਂ (i-iv)** | **46** | **58** | **104** | **59** | **45** |
| **ਕੁੱਲ ਜੋੜ (ਗਰੁੱਪ ਏ+ਬੀ+ਸੀ+ਡੀ)** | **303** | **526** | **829** | **347 (42%)** | **482 (58%)** |

ਨੋਟ: ਕੁੱਲ ਅਸਾਮੀਆਂ ਵਿੱਚ ਡੀ.ਐਫ.ਆਰ.ਈ.ਆਈ. ਦੀਆਂ 9 ਅਸਾਮੀਆਂ ਸ਼ਾਮਲ ਨਹੀਂ ਹਨ ।

ਸਾਲ 2014-15 ਦੌਰਾਨ ਕੰਮ ਕਰ ਰਹੇ ਅਫਸਰਾਂ ਦੇ ਨਾਂ ਅਤੇ ਆਹੁੱਦਾ

| ਆਹੁੱਦਾ | ਸਰਵ ਸ੍ਰੀ/ਸ੍ਰੀਮਤੀ |
|---|---|
| ਸਕੱਤਰ, ਯੋਜਨਾਬੰਦੀ | ਜਸਪਾਲ ਸਿੰਘ, ਆਈ.ਏ.ਐਸ. |
| ਆਰਥਿਕ ਸਲਾਹਕਾਰ | ਮੋਹਨ ਲਾਲ ਸ਼ਰਮਾ |
| ਡਾਇਰੈਕਟਰ | 1. ਤੀਰਥ ਸਿੰਘ<br>2. ਪਰਮਿੰਦਰ ਸਿੰਘ ਵਾਲੀਆ |
| ਸੰਯੁਕਤ ਡਾਇਰੈਕਟਰ | 1. ਹਰਵਿੰਦਰ ਸਿੰਘ<br>2. ਜਗਦੀਪ ਸਿੰਘ<br>3. ਕੁਲਦੀਪ ਕੌਰ |
| ਉਪ ਅਰਥ ਅਤੇ ਅੰਕੜਾ ਸਲਾਹਕਾਰ<br>ਮੁੱਖ ਦਫਤਰ/ਜ਼ਿਲ੍ਹਾ ਪੱਧਰ | 1. ਪਰਮਜੀਤ ਸਿੰਘ<br>2. ਲਖਵਿੰਦਰ ਸਿੰਘ<br>3. ਰਾਣੀ<br>4. ਹਰਜਿੰਦਰ ਕੌਰ<br>5. ਰਾਜਿੰਦਰ ਕੌਰ<br>6. ਇਕਬਾਲ ਸਿੰਘ<br>7. ਦੀਪਿੰਦਰ ਕੌਰ<br>8. ਪਰਮਿੰਦਰ ਕੌਰ<br>9. ਰਾਕੇਸ਼ ਕਾਲੀਆ<br>10. ਪ੍ਰਿਤਪਾਲ ਸਿੰਘ<br>11. ਸੁਖਮਿੰਦਰ ਸਿੰਘ<br>12. ਭੁਪਿੰਦਰ ਕੌਰ |